੧ੴ ਸਤਿਗੁਰ ਪ੍ਰਸਾਦਿ ॥

ਸਬਦੁ ਗੁਰ ਪੀਰਾ ਗਹਿਰ ਗੰਭੀਰਾ;
ਬਿਨੁ ਸਬਦੈ ਜਗੁ ਬਉਰਾਨੰ ॥

# ਸ਼ਬਦ ਗੁਰੂ



ਲੇਖਕ : ਗਿਆਨੀ ਵੀਰ ਸਿੰਘ ਮੱਦੋਕੇ

ੴ ਸਤਿਗੁਰ ਪ੍ਰਸਾਦਿ॥

**ਸਬਦੁ ਗੁਰ ਪੀਰਾ ਗਹਿਰ ਗੰਭੀਰਾ;**
**ਬਿਨੁ ਸਬਦੈ ਜਗੁ ਬਉਰਾਨੰ॥**

*(ਸੋਰਠਿ ਮਹਲਾ ੧, ਅੰਗ-੬੩੫)*

# ਸ਼ਬਦ ਗੁਰੂ


*ਲੇਖਕ :*

**ਗਿਆਨੀ ਵੀਰ ਸਿੰਘ ਮੱਦੋਕੇ (ਜਥਾ ਭਿੰਡਰਾਂ)**

*ਧਰਮ ਪ੍ਰਚਾਰ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,*
*ਸ੍ਰੀ ਅੰਮ੍ਰਿਤਸਰ*



*ਪ੍ਰਕਾਸ਼ਕ :*

**ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲੇ**

*ਮੁਖੀ, ਦਮਦਮੀ ਟਕਸਾਲ, ਜਥਾ ਭਿੰਡਰਾਂ (ਮਹਿਤਾ)*
*ਸ੍ਰੀ ਅੰਮ੍ਰਿਤਸਰ*

**SHABAD GURU**
*by :*
**Giani Veer Singh Madoke**
*Dharam Parchar Member S.G.P.C.*

© ਪ੍ਰਕਾਸ਼ਕ

ਪਹਿਲੀ ਵਾਰ : ਅਗਸਤ ੨੦੦੫

ਭੇਟਾ : ੨੦-੦੦ ਰੁਪਏ

ਇਸ ਪੁਸਤਕ ਦੀ ਛਪਾਈ ਵਾਸਤੇ ਵਿਸ਼ੇਸ਼ ਸਹਿਯੋਗ ਲਈ ਧੰਨਵਾਦ
ਸਮੂਹ ਸਾਧ ਸੰਗਤ 'ਡਰਬੀ' (ਯੂ.ਕੇ.)

*ਲਿਟਰੇਚਰ ਮਿਲਣ ਦਾ ਪਤਾ :*
* **ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਮਹਿਤਾ**
ਫ਼ੋਨ : 01853-256426, ਫ਼ੈਕਸ : 256226
* **ਗੁਰਮਤਿ ਸਾਹਿਤ ਸਦਨ**
ਦੂਜੀ ਮੰਜ਼ਿਲ, ਦੁਕਾਨ ਨੰ: 5,6,7, ਬ੍ਰਹਮ ਬੂਟਾ ਮਾਰਕੀਟ, ਅੰਮ੍ਰਿਤਸਰ
ਫ਼ੋਨ : 0183-2541617

*ਪ੍ਰਕਾਸ਼ਕ :*
**ਗਿਆਨੀ ਹਰਨਾਮ ਸਿੰਘ 'ਖ਼ਾਲਸਾ' ਭਿੰਡਰਾਂਵਾਲੇ**
**ਮੁਖੀ ਦਮਦਮੀ ਟਕਸਾਲ, ਜਥਾ ਭਿੰਡਰਾਂ, ਮਹਿਤਾ**

*ਛਾਪਕ :*
ਪ੍ਰਿੰਟਵੈੱਲ, ਅੰਮ੍ਰਿਤਸਰ

# ਸਮਰਪਣ

*ਸਿੱਖੀ ਸਿਦਕ ਦੀ ਸੇਧ ਦੇਣ ਵਾਲੇ*
*ਸਿਦਕਵਾਨ ਗੁਰਸਿੱਖਾਂ ਨੂੰ*
*ਅਤੇ*
*ਸਿੱਖ ਪੰਥ ਦੀਆਂ ਸਿਰਮੌਰ ਹਸਤੀਆਂ*
*ਸ੍ਰੀਮਾਨ ਸੰਤ ਸੁੰਦਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ,*
*ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ,*
*ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ,*
*ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ*
*ਅਤੇ*
*ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਨੂੰ*
*ਜਿਨ੍ਹਾਂ ਨੇ ਆਪਣਾ ਸਾਰਾ ਹੀ ਜੀਵਨ*
*'ਸ਼ਬਦ ਗੁਰੂ' ਦੇ ਪ੍ਰਚਾਰ ਹਿੱਤ ਸਮਰਪਤ ਕਰ ਦਿੱਤਾ !*

# ਤਤਕਰਾ


੧. ਮੁਖ ਬੰਦ ੫
੨. ਦੋ ਸ਼ਬਦ ੧੧
੩. ਗ੍ਰੰਥ ਕਿਸ ਨੂੰ ਕਹਿੰਦੇ ਹਨ ? ੧੩
੪. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਾਹਿਬ ਕਿਵੇਂ ਹਨ ? ੧੩
੫. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਜ ਵਿਸ਼ੇਸ਼ਤਾਵਾਂ ੧੪
੬. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਜਨ ਕਰਨਾ ਬੁੱਤ-ਪ੍ਰਸਤੀ ਕਿਵੇਂ ? ੧੬
੭. ਚੇਤਨ ਹੀ ਗੁਰੂ ਹੋ ਸਕਦਾ ਹੈ ੨੩
੮. ਸ਼ਬਦ ਹੀ ਚੇਤਨ ਤੇ ਸਦੀਵੀ ਹੈ ੨੫
੯. ਨਾਮ ਦੀ ਸਮਰਥਾ ੩੦
੧੦. ਸ਼ਬਦ ਹੀ ਗੁਰੂ ਹੈ ੩੭
੧੧. ਗੁਰਬਾਣੀ ਦੇ ਗੁਰੂ ਰੂਪ ਹੋਣ ਦਾ ਪ੍ਰਚਾਰ ਕਦੋਂ ਤੋਂ ? ੪੧
੧੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਦੇਣ ਦੇ ਪ੍ਰਮਾਣ ੪੪
੧੩. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰੂ ਹਨ। ੫੭
੧੪. ਜੋ ਗੁਰੂ ਬਣਨ ਦੇ ਯੋਗ ਸਨ, ਉਹ ਗੁਰੂ ਨਹੀਂ ਬਣੇ ੬੨
੧੫. ਦੇਹਧਾਰੀ ਗੁਰੂ ੭੦
੧੬. ਗੁਰਬਾਣੀ ਦੀ ਮਹਾਨਤਾ ੭੩
੧੭. ਗੁਰੂ ਹੋਣ ਬਾਰੇ ਆਪ ਵੀ ਵਿਸ਼ਵਾਸ ਨਹੀਂ ੭੮
੧੮. ਸੱਚੇ ਗੁਰੂ ਦੇ ਸੁੱਚੇ ਫ਼ੈਸਲੇ ੭੯
੧੯. ਨਾਮ ਨੇ ਹੀ ਅਖ਼ੀਰ ਨੂੰ ਤਾਰਨਾ ਹੈ ੮੧
੨੦. ਵਾਹਿਗੁਰੂ ਨਾਮ ਦੀ ਵਿਸ਼ੇਸ਼ਤਾ ੮੮


# ਮੁੱਖ ਬੰਦ

ਜੋ ਲੋਕ ਇਹ ਕਹਿੰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਆਪ ਕੋਈ ਕਿਰਿਆ ਨਹੀਂ ਕਰ ਸਕਦੇ, ਇਸ ਕਰਕੇ ਇਹ ਅਚੇਤਨ (ਜੜ੍ਹ) ਹਨ, ਉਹ ਲੋਕ ਇਸ ਗੱਲ ਤੋਂ ਪੂਰੀ ਤਰ੍ਹਾਂ ਅਨਜਾਣ ਹਨ ਕਿ ਜਿਤਨੀ ਵੱਡੀ ਕਿਰਿਆ ਸੰਸਾਰ ਦੀ ਰਚਨਾ ਕਰਨ ਦੀ ਆਪ ਨੇ ਕੀਤੀ ਹੈ, ਐਸੀ ਕਿਰਿਆ ਇਹ ਦੇਹਧਾਰੀ ਤਾਂ ਕੀ ਅੱਜ ਤਕ ਵੱਡੇ ਤੋਂ ਵੱਡਾ ਕੋਈ ਪੀਰ ਪੈਗੰਬਰ ਜਾਂ ਅਵਤਾਰ ਵੀ ਨਹੀਂ ਕਰ ਸਕਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਨਾਮ ਹੀ ਨਾਮ ਰੂਪ ਹੈ। ਫਿਰ ਅਚੇਤਨ ਕਿਵੇਂ ਹੋਏ ? ਕਿਸੇ ਦੇਹਧਾਰੀ ਗੁਰੂ ਬਣੇ ਹੋਏ ਨੇ ਵੀ ਕਦੇ ਐਸਾ ਕੀਤਾ ਹੈ ? ਇਹਨਾਂ ਨੇ ਕਿਸੇ ਨੂੰ ਤਾਂ ਕੀ ਤਾਰਨਾ ਹੈ, ਸ਼ਾਇਦ ਇਹ ਤਾਂ ਆਪ ਵੀ ਨਾ ਤਰ ਸਕਣ। ਸ਼ਾਸਤ੍ਰ ਦਾ ਲੇਖ ਹੈ, ਜੋ ਦੇਹ ਅਭਿਮਾਨੀ ਪੁਰਖ ਹੈ, ਉਸ ਨੂੰ ਸੌ ਗਊਆਂ ਮਾਰਨ ਜਿੰਨਾ ਪਾਪ ਲੱਗਦਾ ਹੈ। ਪਰ ਨਾਮ ਨੇ ਦੁਨੀਆਂ ਦੇ ਮੰਨੇ ਹੋਏ ਪਾਪੀ ਤਾਰੇ ਹਨ। ਯਥਾ :-

੧. **ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥**

*[ਸੋਰਠਿ ਮਹਲਾ ੯, ਅੰਗ-੬੩੨]*

੨. **ਗਨਿਕਾ ਪਾਪਣਿ ਹੋਇ ਕੈ;**
**ਪਾਪਾਂ ਦਾ ਗਲਿ ਹਾਰੁ ਪਰੋਤਾ।.....**
**ਅੰਤਕਾਲਿ ਜਮ ਜਾਲੁ ਤੋੜਿ;**
**ਨਰਕੈ ਵਿਚਿ ਨ ਖਾਧੁਸ ਗੋਤਾ।**

**ਗਈ ਬੈਕੁੰਠਿ ਬਿਬਾਣਿ ਚੜ੍ਹਿ;**
**ਨਾਉਂ ਨਰਾਇਣੁ ਛੋਤਿ ਅਛੋਤਾ।**
**ਥਾਉਂ ਨਿਥਾਵੇਂ ਮਾਣੁ ਮਣੋਤਾ॥੨੧॥**

*[ਭਾਈ ਗੁਰਦਾਸ ਜੀ, ਵਾਰ-੧੦, ਪਉੜੀ-੨੧]*

ਇਸੇ ਲਈ ਤਾਂ ਨਾਮ ਨੂੰ ਜਹਾਜ਼ ਕਿਹਾ ਹੈ :-

**ਵਾਹਿਗੁਰੂ ਨਾਮ ਜਹਾਜ ਹੈ, ਚੜ੍ਹੇ ਸੁ ਉਤਰੈ ਪਾਰ॥**
**ਜੋ ਸ਼ਰਧਾ ਕਰਿ ਸੇਂਵਦੇ; ਪਾਰ ਉਤਾਰਨਿ ਹਾਰ॥**

*[ਸ੍ਰੀ ਗੁਰਮੁਖ ਪ੍ਰਕਾਸ਼ ਗ੍ਰੰਥ, ਪੰਨਾ-੫੭੬]*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨ ਕੇ, ਪੂਜ ਕੇ, ਕਿਤਨੀਆਂ ਸੰਗਤਾਂ ਆਪਣੇ ਵੱਡੇ ਵੱਡੇ ਕੰਮ ਰਾਸ ਕਰਦੀਆਂ ਹਨ। ਇਹ ਜਿਹੜੇ ਦੇਹਧਾਰੀ ਗੁਰੂ ਬਣੇ ਬੈਠੇ ਹਨ, ਇਹ ਵੀ ਇਸ ਤਰ੍ਹਾਂ ਦਾ ਕੁਝ ਕਰ ਕੇ ਤਾਂ ਦਿਖਾਉਣ ਤਾਂ ਕਿ ਲੋਕਾਂ ਨੂੰ ਪਤਾ ਲੱਗ ਸਕੇ ਕਿ ਇਹ ਕਿਤਨੇ ਕੁ ਪਾਣੀ 'ਚ ਹਨ।

**ਆਪ ਆਪ ਪਾਰਬ੍ਰਹਮ ਕਹੈ ਹੈ॥**
**ਨੀਚ ਊਚ ਕਹ ਸੀਸਨ ਨੈਹੈ॥**
**ਏਕ ਏਕ ਮਤ ਇਕ ਇਕ ਧਾਮਾ॥**
**ਘਰ ਘਰ ਹੋਇ ਬੈਠ ਹੈ ਰਾਮਾ॥੧੨॥**

*[ਦਸਮ, ਅੰਗ-੫੭੨]*

ਜਿਹੜੇ ਐਸੇ ਪਖੰਡੀ ਲੋਕ ਆਪਣਾ ਗੁਰੂ ਹੋਣਾ ਸਿੱਧ ਕਰਨ ਵਾਸਤੇ ਸੌ-ਸੌ ਪਾਪੜ ਵੇਲਦੇ ਹਨ, ਅੱਜ ਤਕ ਤਾਂ ਇਹਨਾਂ ਦੀ ਕਾਰਗੁਜ਼ਾਰੀ :

**ਫੋਕਟ ਧਰਮ ਲਖੋ ਕਰ ਭਰਮਾ॥**
**ਇਨ ਤੇ ਸਰਤ ਨ ਕੋਈ ਕਰਮਾ॥੪੯॥**

*[ਦਸਮ, ਅੰਗ-੫੮]*

ਵਾਲੀ ਹੀ ਰਹੀ ਹੈ।



ਸਿੰਮਲ ਦੇ ਫਲਾਂ ਦੀ ਤਰ੍ਹਾਂ ਆਪਣਾ ਚੂਹ-ਚੂਹਾ ਲਾਲ ਰੰਗ ਦਿਖਾ ਕੇ ਤੋਤਿਆਂ ਦੀ ਤਰ੍ਹਾਂ ਲੋਕਾਂ ਨੂੰ ਫਸਾਉਣ ਵਾਲੇ ਜਾਲ ਹੀ ਸਿੱਧ ਹੋਏ ਹਨ।

ਰੋਡੇ ਪਿੰਡ ਦੇ ਇਕ ਕੂਕੇ ਨੇ ਇਕ ਵਾਰ ਕਿਹਾ ਸੀ, "ਅਸੀਂ ਤਾਂ ਪਰਤਾਪ ਸਿੰਘ ਨੂੰ ਮਾਰੀਦੇ ਹੀ ਮੰਨਦੇ ਹਾਂ, ਪਰਤਾਪ ਸਿੰਘ ਨੇ ਕੋਈ ਕਰਾਮਾਤ ਤਾਂ ਕਰ ਕੇ ਦਿਖਾਈ ਨਹੀਂ।"

ਜਦੋਂ ਦਸੇ ਸਤਿਗੁਰੂ ਜੀ ਖ਼ੁਦ ਆਪ ਗੁਰਬਾਣੀ ਨੂੰ ਗੁਰੂ ਰੂਪ ਜਾਣ ਕੇ ਸਤਿਕਾਰ ਕਰਦੇ ਰਹੇ ਹਨ ਅਤੇ ਸਤਿਗੁਰੂ ਦਸਮ ਪਾਤਸ਼ਾਹ ਜੀ ਨੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਪੰਜ ਪ੍ਰਕਰਮਾਂ ਕਰ ਕੇ ਪੰਜ ਪੈਸੇ ਤੇ ਨਾਰੀਅਲ ਭੇਟਾ ਕਰ ਕੇ ਕਹਿ ਦਿੱਤਾ :-

**ਗੁਰੂ ਗ੍ਰੰਥ ਜੀ ਮਾਨੀਐ; ਪ੍ਰਗਟ ਗੁਰਾਂ ਕੀ ਦੇਹ॥**

*[ਸਾਖੀ ਕਾਰਨ ਕੀ 'ਚੋਂ]*

ਫਿਰ ਇਹ ਕੌਣ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਹੋਣ 'ਤੇ ਕਿੰਤੂ ਪਰੰਤੂ ਕਰਨ ਵਾਲੇ ?

ਹੁਣ ਤਾਂ ਸੁਪਰੀਮ ਕੋਰਟ ਨੇ ਵੀ ਕਹਿ ਦਿੱਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਗਤ ਜੋਤਿ ਪ੍ਰਤੱਖ ਸਤਿਗੁਰੂ ਹਨ।

ਭਵਿੱਖਤ ਪੁਰਾਣ ਵਿਚ ਬਿਆਸ ਜੀ ਨੇ ਦੁਆਪਰ ਦੇ ਅਖ਼ੀਰ ਵਿਚ ਹੀ ਲਿਖ ਦਿੱਤਾ ਸੀ ਕਿ ਦਸ ਸਰੂਪ ਧਾਰਨ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹੋਣਗੇ। ਮੋਨੀ ਅਵਤਾਰ ਜਾਂ ਸ਼ਬਦ-ਅਵਤਾਰ ਕਰਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਉਹਨਾਂ ਨੇ ਲਿਖਿਆ ਹੈ। ਉਹਨਾਂ ਨੇ ਦੱਸਿਆ ਹੈ ਕਿ ਕੋਈ ਬੁਲਾਵੇ ਤਾਂ ਬੋਲਣਗੇ, ਨਹੀਂ ਤਾਂ ਚੁੱਪ ਰਹਿਣਗੇ।

ਕਸ਼ਮੀਰ ਦੇ ਇਕ ਫ਼ਕੀਰ ਨੇ ਵੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ੫੪੭ ਸਾਲ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਖ਼ੁਦਾ ਦਸ ਸਰੂਪ ਧਾਰਨ ਕਰੇਗਾ, ਗਿਆਰ੍ਹਵੇਂ (ਗੁਰੂ) ਗ੍ਰੰਥ ਸਾਹਿਬ ਜੀ

ਵੀ ਕਰਦੇ ਰਹਿੰਦੇ ਹਨ ਕਿ ਇਹ ਤਾਂ ਜੀ ਬੋਲਦੇ ਨਹੀਂ ਹਨ, ਇਹ ਆਪੇ ਕੋਈ ਕਿਰਿਆ ਨਹੀਂ ਕਰ ਸਕਦੇ, ਇਹ ਅਚੇਤਨ ਹਨ।

ਇਹਨਾਂ ਦੇ ਇਹੋ ਜਿਹੇ ਝੂਠ ਦੇ ਪਲੰਦੇ ਪ੍ਰਚਾਰ ਨੂੰ ਸੁਣ ਕੇ :-

**ਸੋਰਠਾ॥ ਜਗ ਕੀ ਭੇਡਾ ਚਾਲ ਚਲਤੇ ਕੇ ਪਾਛੈ ਚਲੈਂ॥**
**ਪਰਮਾਰਥ ਨਾ ਸਮ੍ਹਾਲ ਦੇਖੋ ਜਗ ਕੀ ਮੂੜ੍ਹਤਾ॥੨੦॥**

*[ਸਾਰਕੁਤਾਵਲੀ, ਅਧਿ.-੧੩]*

ਦੀ ਤਰ੍ਹਾਂ ਇਕ ਦੂਜੇ ਨੂੰ ਦੇਖ ਕੇ, ਲੋਕ ਇਹਨਾਂ ਵੱਲ ਭੱਜੇ ਦੌੜੇ ਜਾਂਦੇ ਹਨ।

ਸਤਿਗੁਰੂ ਦਸਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਦੇ ਕੇ ਇਹੋ ਜਿਹੇ ਦੇਹਧਾਰੀਆਂ ਤੋਂ ਸਾਡਾ ਖਹਿੜਾ ਛੁਡਾਇਆ ਸੀ। ਅਸੀਂ ਫਿਰ ਉਸੇ ਪਾਸੇ ਲੱਗ ਕੇ ਨਰਕਾਂ ਨੂੰ ਜਾਣ ਵਾਲਾ ਰਾਹ ਪੱਧਰਾ ਕਰੀ ਜਾ ਰਹੇ ਹਾਂ। ਯਥਾ :-

**ਸਲੋਕ ਡਖਣੇ ਮ: ੫॥**
**ਜੋ ਡੁਬੰਦੋ ਆਪਿ ਸੋ ਤਰਾਏ ਕਿਨ੍ ਖੇ॥**
**ਤਾਰੇਦੜੋ ਭੀ ਤਾਰਿ ਨਾਨਕ ਪਿਰ ਸਿਉ ਰਤਿਆ॥੧॥**

*[ਅੰਗ-੧੧੦੧]*

ਇਸ ਲਈ ਇਹਨਾਂ ਦਾ ਖਹਿੜਾ ਛੱਡੋ। ਡੁੱਲ੍ਹਿਆਂ ਬੇਰਾਂ ਦਾ ਅਜੇ ਕੁਝ ਨਹੀਂ ਜੇ ਵਿਗੜਿਆ। ਭਾਈ ਨੰਦ ਲਾਲ ਜੀ ਦੀ ਇਸ ਲਿਖਤ ਨੂੰ ਘੁੱਟ ਕੇ ਪੱਲੇ ਬੰਨ੍ਹੋ :-

**ਪਿਛਲੀ ਉਮਰ ਗੁਨਾਹੀ ਬੀਤੀ ਹਰਿ ਕੀ ਭਗਤਿ ਨਾ ਕੀਤੀ।**
**ਆਗੈ ਸਮਝ ਚਲੋ ਨੰਦ ਲਾਲਾ ਪਾਛੈ ਜੋ ਬੀਤੀ ਸੋ ਬੀਤੀ।**

***—ਲੇਖਕ***

# ਦੋ ਸ਼ਬਦ

ਦੁਨੀਆਂ ਵਿਚ ਚਾਰ ਵੇਦ, ਅਠਾਰਾਂ ਪੁਰਾਨ, ਛੇ ਸ਼ਾਸਤ੍ਰ, ਕੁਰਾਨ ਆਦਿਕ ਚਾਰ ਕਤੇਬਾਂ ਤੇ ਅੰਜੀਲ ਆਦਿਕ ਅਨੇਕਾਂ ਧਾਰਮਿਕ ਗ੍ਰੰਥ ਹਨ। ਇਹ ਸਾਰੇ ਦੇ ਸਾਰੇ ਲਿਖਤ ਵਿਚ ਹੋਣ ਕਰਕੇ ਅੱਜ ਤਕ ਇਹਨਾਂ ਨੂੰ ਕਿਸੇ ਨੇ ਵੀ ਬੁੱਤ ਨਹੀਂ ਕਿਹਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਲਿਖਤ ਵਿਚ ਹਨ, ਫਿਰ ਇਹ ਬੁੱਤ ਕਿਵੇਂ ਹੋਏ ?

ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੁੱਤ ਨਹੀਂ ਹਨ ਤਾਂ ਫਿਰ ਇਹਨਾਂ ਨੂੰ ਮੰਨਣ ਵਾਲੇ ਤੇ ਪੂਜਣ ਵਾਲੇ ਸਿੱਖ ਬੁੱਤ-ਪ੍ਰਸਤ (ਪੂਜਕ) ਕਿਵੇਂ ਹੋਏ ?

ਭਾਵੇਂ ਕੋਈ ਪੀਰ ਹੈ, ਪੈਗ਼ੰਬਰ ਹੈ ਜਾਂ ਅਵਤਾਰ ਹੈ, ਕੋਈ ਵੀ ਦੁਨੀਆਂ ਵਿਚ ਰਹਿ ਨਹੀਂ ਸਕਦਾ। ਸਭ ਦੀਆਂ ਦੇਹਾਂ ਨਾਸਵੰਤ ਹਨ, ਇਕੋ ਇਕ ਸ਼ਬਦ ਹੈ, ਜੋ ਸਦੀਵੀ ਹੈ।

ਬੰਦੇ ਦਾ ਗਿਆਨ ਸੀਮਤ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਸ਼ਾਲ ਗਿਆਨ ਦਾ ਭੰਡਾਰ ਹਨ।

ਜਿਤਨੀ ਤਾਕਤ, ਸਮਰੱਥਾ ਨਾਮ ਵਿਚ ਹੈ, ਇਤਨੀ ਹੋਰ ਕਿਸੇ ਵੀ ਪੀਰ, ਪੈਗ਼ੰਬਰ ਤੇ ਅਵਤਾਰ ਵਿਚ ਨਹੀਂ ਹੋ ਸਕਦੀ :-

**ਨਾਮ ਕੇ ਧਾਰੇ ਸਗਲੇ ਜੰਤ॥**

*[ਗਉੜੀ ਸੁਖਮਨੀ ਮ: ੫, ਅੰਗ-੨੮੪]*

ਹੋਣਗੇ। ਬਾਰ੍ਹਵਾਂ ਖ਼ਾਲਸਾ ਪੰਥ ਰਾਜਾ ਜੋਗੀ ਹੋਵੇਗਾ। ਮੁਸਲਮਾਨਾਂ ਨੂੰ ਕਿਹਾ, 'ਤੁਸੀਂ ਉਹਨਾਂ ਦੀ ਤਾਬਿਆਦਾਰੀ ਕਰਨੀ ਹੈ।'

ਇਹ ਜਿਹੜੇ ਖੁੰਬਾਂ ਵਾਂਗ ਦੇਹਧਾਰੀ ਗੁਰੂ ਬਣ ਬਣ ਬੈਠੀ ਜਾਂਦੇ ਹਨ, ਇਹਨਾਂ ਨੂੰ ਕੋਈ ਪੁੱਛੇ ਕਿ ਤੁਹਾਡੇ ਬਾਰੇ ਵੀ ਕਿਸੇ ਨੇ ਆਪਣੀ ਲਿਖਤ ਵਿਚ ਦੋ ਅੱਖਰ ਲਿਖੇ ਹਨ ਕਿ ਇਹ ਵੀ ਗੁਰੂ ਹੋਣਗੇ। ਕਿ ਆਪੇ ਹੀ 'ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ' ਬਣੇ ਬੈਠੇ ਹਨ।

ਸਾਨੂੰ ਤਾਂ ਇਹ ਸਾਰੇ ਦੇ ਸਾਰੇ ਲਾਹੌਰ ਦੇ ਉਸ ਪੰਡਿਤ ਵਰਗੇ ਹੀ ਲੱਗਦੇ ਹਨ, ਜਿਹੜਾ ਰਾਵੀ ਦੇ ਕਿਨਾਰੇ ਬੈਠਾ ਗੁਰੂ ਨਾਨਕ ਦੇਵ ਜੀ ਨੂੰ ਕਹਿੰਦਾ ਸੀ ਕਿ ਜਦੋਂ ਮੈਂ ਅੱਖਾਂ ਮੀਟਦਾ ਹਾਂ, ਉਦੋਂ ਮੈਨੂੰ ਤ੍ਰਿਲੋਕੀ ਦਾ ਗਿਆਨ ਹੁੰਦਾ ਹੈ। ਤਾਂ ਗੁਰੂ ਜੀ ਨੇ ਕਿਹਾ ਸੀ :-

**ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥੨॥**

*[ਧਨਾਸਰੀ ਮਹਲਾ ੧, ਅੰਗ-੬੬੩]*

ਤੇਰੀ ਪਿੱਠ ਪਿੱਛੇ ਪਏ ਧਨ ਦਾ ਤਾਂ ਤੈਨੂੰ ਪਤਾ ਨਹੀਂ ਤੇ ਗੱਲਾਂ ਤੂੰ ਤ੍ਰਿਲੋਕੀ ਦੇ ਗਿਆਨ ਦੀਆਂ ਕਰਦਾ ਹੈਂ।

ਇਹ ਜਿਤਨੇ ਵੀ ਗੁਰੂ ਬਣੇ ਬੈਠੇ ਹਨ, ਇਹ ਸਾਰੇ ਅੰਬਰ ਤੋਂ ਤਾਰੇ ਤੋੜਨ ਵਰਗੀਆਂ ਇਹੋ ਜਿਹੀਆਂ ਹੀ ਗੱਲਾਂ ਕਰਦੇ ਹਨ। ਇਹੋ ਜਿਹੀਆਂ ਝੂਠੀਆਂ ਕਰਾਮਾਤਾਂ ਦੀਆਂ ਗੱਲਾਂ ਕਰਨ ਲਾਇਆ ਵੀ ਇਨ੍ਹਾਂ ਨੂੰ ਸਾਡੇ ਵੋਟਾਂ ਮੰਗਣ ਵਾਲੇ ਭਿਖਾਰੀਆਂ ਨੇ ਹੀ ਹੈ। ਇਹੋ ਜਿਹੀਆਂ ਅੰਤਰਯਾਮਤਾ ਦੀਆਂ ਗੱਲਾਂ ਕਰਨ ਦੀ ਬੀਨ ਵਜਾ ਕੇ ਸਾਡੇ ਨੇਤਾ ਜਨਾਂ ਨੂੰ ਇਹ ਸੱਪ ਦੀ ਤਰ੍ਹਾਂ ਕੀਲ ਕੇ ਆਪਣੀ ਪਕੜ ਰੂਪ ਪਿਟਾਰੀ ਵਿਚ ਇੰਜ ਪਾਉਂਦੇ ਹਨ ਕਿ ਬੱਸ ਫਿਰ ਜ਼ਿੰਦਗੀ ਭਰ ਉਸ ਵਿਚੋਂ ਨਿਕਲ ਨਹੀਂ ਸਕਦੇ। ਰਾਤ ਦਿਨ ਉਹਨਾਂ ਦੇ ਹੀ ਸੋਹਿਲੇ ਗਾਉਂਦੇ ਰਹਿੰਦੇ ਹਨ ਕਿ ਸਾਨੂੰ ਤਾਂ ਸ਼ਾਂਤੀ ਹੀ ਇਹਨਾਂ ਪਾਸ ਆ ਕੇ ਆਉਂਦੀ ਹੈ।



ਇਹੋ ਜਿਹਿਆਂ ਦੇ ਬਾਰੇ ਹੀ ਸਤਿਗੁਰੂ ਦਸਮ ਪਾਤਸ਼ਾਹ ਜੀ ਨੇ ਕਿਹਾ ਹੈ :-

**ਦੋਹਰਾ ॥ ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸਿ ਕੀਨ ॥**
**ਅੰਤ ਕਾਲਿ ਕਾਤੀ ਕਟਯੋ ਬਾਸੁ ਨਰਕ ਮੋ ਲੀਨ ॥੫੬॥**

*[ਦਸਮ, ਅੰਗ-੫੮]*

ਇਹ ਲੋਕ ਜਿਹੜੇ ਆਪੇ ਹੀ ਗੁਰੂ ਬਣੇ ਬੈਠੇ ਹਨ, ਇਹ ਕਿਸੇ ਦਾ ਤਾਂ ਭਾਵੇਂ ਕੁਝ ਨਹੀਂ ਸਵਾਰ ਸਕਦੇ, ਪਰ 'ਆਹ ਜਗ ਮਿੱਠਾ, ਅਗਲਾ ਕਿਨ ਡਿੱਠਾ।' ਜਾਣ ਕੇ ਆਪਣਾ ਬਥੇਰਾ ਕੁਝ ਸਵਾਰ ਲੈਂਦੇ ਹਨ। ਇਕ ਕਹਿੰਦਾ ਸੀ ਕਿ ਮੈਨੂੰ ਹਰ ਰੋਜ਼ ਦੀ ਇਕ ਕਰੋੜ ਰੁਪਏ ਦੀ ਆਮਦਨ ਹੈ। ਹਰਿਆਣਾ ਤੇ ਪੰਜਾਬ ਦੇ ਮੁੱਖ ਮੰਤਰੀ ਤਾਂ ਮੇਰੇ ਵੱਲ ਅੱਖ ਭਰ ਕੇ ਵੀ ਨਹੀਂ ਵੇਖ ਸਕਦੇ। ਮੈਂ ਜੋ ਮਰਜ਼ੀ ਹੈ ਕਰੀ ਜਾਵਾਂ। ਭਾਵੇਂ ਲੜਕੀਆਂ ਦੇ ਸਤ ਭੰਗ ਕਰੀ ਜਾਵਾਂ, ਭਾਵੇਂ ਕਿਸੇ ਨੂੰ ਮਾਰ ਕੇ ਅਗਲੀ ਦੁਨੀਆਂ ਵਿਚ ਪਹੁੰਚਾਈ ਜਾਵਾਂ, ਮੇਰੀ ਹਵਾ ਵੱਲ ਵੀ ਕੋਈ ਦੇਖ ਨਹੀਂ ਸਕਦਾ ਹੈ। ਇਤਨਾ ਇਹਨਾਂ ਦੇ ਅੰਦਰ ਹੰਕਾਰ ਹੈ। ਯਥਾ :-

**ਆਪਸ ਕੌ ਦੀਰਘ ਕਰਿ ਜਾਨੈ ਅਉਰਨ ਕਉ ਲਗ ਮਾਤ ॥**

*[ਮਾਰੂ ਕਬੀਰ ਜੀ, ਅੰਗ-੧੧੦੫]*

**ਸਣ ਟੋਪੀ ਸਣ ਕਪੜੀਂ ਜੁੱਤੇ ਸਣੇ ਖੁਦਾ।** *[ਲੋਕਕ]*

ਸਭ ਦੇ ਸਾਹਮਣੇ ਬਣੇ ਬੈਠੇ ਹਨ।

ਇਹੋ ਜਿਹਿਆਂ ਬਾਰੇ ਹੀ ਦਾਦੂ ਜੀ ਨੇ ਕਿਹਾ ਹੈ :-

**ਦਾਦੂ ਦੁਨੀਆਂ ਬਾਵਰੀ ਕਹੈ ਚਾਮ ਕੋ ਰਾਮ।**
**ਪੂਛ ਮਰੋੜੈ ਬੈਲ ਕੀ ਕਾਢੈ ਅਪਨੋ ਕਾਮ ॥** *[ਲੋਕਕ]*

ਇਹ ਉਹੀ ਲੋਕ ਹਨ, ਜਿਹੜੇ ਆਪਣਾ ਦੇਹਧਾਰੀ ਗੁਰੂ ਹੋਣਾ ਸਿੱਧ ਕਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਰਾਤ ਦਿਨੇ ਟੀਕਾ-ਟਿੱਪਣੀ

ਆਦਮੀ ਆਪਣੀ ਪੂਜਾ ਪ੍ਰਤਿਸ਼ਟਾ ਹੁੰਦੀ ਦੇਖ ਕੇ ਹੰਕਾਰੀ ਹੋ ਸਕਦਾ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਨ ਤੋਂ ਤੁਹਾਨੂੰ :-

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥**

*[ਸਿਰੀਰਾਗੁ ਮਹਲਾ ੧, ਅੰਗ-੧੫]*

ਐਸਾ ਨਿਮਰਤਾ ਵਾਲਾ ਉਪਦੇਸ਼ ਹੀ ਪ੍ਰਾਪਤ ਹੋਵੇਗਾ।

ਦੁਨੀਆਂ ਵਿਚ ਜਿਤਨੇ ਵੀ ਗ੍ਰੰਥ ਹਨ, ਉਹਨਾਂ ਵਿਚ ਵਿਅਕਤੀ ਦਾ ਕਥਨ ਹੈ ਅਤੇ ਵਿਅਕਤੀ ਦਾ ਹੀ ਪੂਜਨ ਹੈ। ਇਕੋ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਐਸੇ ਹਨ, ਜਿਨ੍ਹਾਂ ਵਿਚ ਸ਼ਕਤੀ ਦਾ ਕਥਨ ਹੈ ਅਤੇ ਸ਼ਕਤੀ ਦਾ ਹੀ ਪੂਜਨ ਹੈ। ਇਸ ਕਰਕੇ ਸਾਰੇ ਗ੍ਰੰਥਾਂ ਦਾ 'ਸਾਹਿਬ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ।

ਜਿਤਨੇ ਵੀ ਧਾਰਮਿਕ ਗ੍ਰੰਥ, ਵੇਦ, ਗੀਤਾ, ਰਾਮਾਇਣ, ਬਾਈਬਲ, ਕੁਰਾਨ ਆਦਿ ਹਨ, ਇਹ ਸਾਰੇ ਦੇ ਸਾਰੇ ਹੋਰ ਵਿਦਵਾਨਾਂ ਦੀ ਹੀ ਲਿਖਤ ਹਨ। ਬ੍ਰਹਮਾ ਜੀ, ਕ੍ਰਿਸ਼ਨ ਜੀ, ਰਾਮ ਜੀ, ਈਸਾ ਜੀ, ਹਜ਼ਰਤ ਮੁਹੰਮਦ ਜੀ ਆਦਿਕ ਕਿਸੇ ਦੀ ਵੀ ਆਪਣੀ ਹੱਥ-ਲਿਖਤ ਨਹੀਂ ਹਨ।

ਆਪਣੀ ਲਿਖਤ ਨਾ ਹੋਣ ਕਰਕੇ ਹੀ ਕਿਸੇ ਨੇ ਵੀ ਆਪਣੀ ਜਗ੍ਹਾ ਕਿਸੇ ਧਾਰਮਿਕ ਗ੍ਰੰਥ ਨੂੰ ਸਥਾਪਿਤ ਨਹੀਂ ਕੀਤਾ ਹੈ।

ਇਕੋ ਇਕ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ, ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਆਪ ਹੀ ਉਚਾਰਨ ਕੀਤਾ ਤੇ ਆਪ ਹੀ ਭਾਈ ਗੁਰਦਾਸ ਜੀ ਤੇ ਭਾਈ ਮਨੀ ਸਿੰਘ ਜੀ ਤੋਂ ਲਿਖਵਾਇਆ ਤੇ ਆਪ ਹੀ ਗੁਰਤਾ ਗੱਦੀ 'ਤੇ ਅਸਥਾਪਨ ਕੀਤਾ ਹੈ।

***—ਲੇਖਕ***

ੴ ਸਤਿਗੁਰ ਪ੍ਰਸਾਦਿ ॥

## ਗ੍ਰੰਥ ਕਿਸ ਨੂੰ ਕਹਿੰਦੇ ਹਨ ?

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲਫ਼ਜ਼ੀ ਅਰਥ ਹੈ :—

'ਸ੍ਰੀ' ਦਾ ਭਾਵ ਹੈ, ਸਤਿਕਾਰ। ਸ਼ਿਵ ਸੰਘਤਾ ਵਿਚ 'ਗੁ' ਨਾਮ ਹੈ ਅੰਧੇਰੇ ਦਾ। ਅੰਧੇਰਾ ਹੈ ਅਗਿਆਨ। ਸ਼ਾਮ ਵੇਦ ਦੀਆਂ ਰਿਚਾਂ ਵਿਚ 'ਰੂ' ਨਾਮ ਹੈ ਪ੍ਰਕਾਸ਼ ਦਾ, 'ਗੁਰੂ' ਪਦ ਦਾ ਭਾਵ ਹੈ, ਜੋ ਅਗਿਆਨ ਦੇ ਅੰਧੇਰੇ ਨੂੰ ਮੇਟ ਕੇ (ਜਗਿਆਸੂ ਦੇ ਅੰਦਰ) ਗਿਆਨ ਦਾ ਪ੍ਰਕਾਸ਼ ਕਰ ਦੇਵੇ, ਉਸ ਨੂੰ ਗੁਰੂ ਕਹੀਦਾ ਹੈ। 'ਗ੍ਰੰਥ' ਦਾ ਭਾਵ ਹੈ, ਜਿਸ ਦੇ ਪੜ੍ਹਨ ਨਾਲ **ਗ**=ਗਿਆਨ ਦਾ, **ਰੰਥ**=ਪ੍ਰਵਾਹ ਚੱਲ ਪਵੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਾਹਿਬ ਕਿਵੇਂ ਹਨ ?

'ਸਾਹਿਬ' ਨਾਮ ਹੈ ਵੱਡੇ ਦਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਸ ਕਰਕੇ ਸਾਰੇ ਗ੍ਰੰਥਾਂ ਦੇ ਸਾਹਿਬ (ਵੱਡੇ) ਹਨ ਕਿਉਂਕਿ ਇਹਨਾਂ ਵਿਚ ਸ਼ਕਤੀ ਦਾ ਕਥਨ ਹੈ, ਹੋਰ ਗ੍ਰੰਥਾਂ ਵਿਚ ਵਿਅਕਤੀ ਦਾ ਕਥਨ ਹੈ।

ਅਥਵਾ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਕਤੀ ਦਾ ਪੂਜਨ ਹੈ, ਹੋਰ ਗ੍ਰੰਥਾਂ ਵਿਚ ਵਿਅਕਤੀ ਦਾ ਪੂਜਨ ਹੈ।

ਅਥਵਾ : ਸ੍ਰੀ 'ਗੁਰੂ ਗ੍ਰੰਥ' ਤਾਂ ਕਹੀਦਾ ਹੈ ਕਿਉਂਕਿ ਗੁਰਤਾ ਗੱਦੀ 'ਤੇ ਬਿਰਾਜਮਾਨ ਹਨ, 'ਸਾਹਿਬ' ਇਸ ਕਰਕੇ ਕਹੀਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਜ ਵਿਸ਼ੇਸ਼ਤਾਈਆਂ ਹਨ, ਜੋ ਕਿਸੇ ਹੋਰ ਗ੍ਰੰਥ ਵਿਚ ਨਹੀਂ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪੰਜ ਵਿਸ਼ੇਸ਼ਤਾਈਆਂ

ਪਹਿਲੀ ਵਿਸ਼ੇਸ਼ਤਾ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਭਾਸ਼ਾ (ਬੋਲੀ) ਸਰਲ ਹੈ, ਜਿਸ ਦੇ ਪੜ੍ਹਨ ਨਾਲ ਹੀ ਬਹੁਤ ਸਾਰੀ ਸਮਝ ਪੈ ਜਾਂਦੀ ਹੈ। ਯਥਾ :-

**ਰਾਮਦਾਸ ਸਰੋਵਰਿ ਨਾਤੇ॥ ਸਭਿ ਉਤਰੇ ਪਾਪ ਕਮਾਤੇ॥**

*[ਸੋਰਠਿ ਮਹਲਾ ੫, ਅੰਗ-੬੨੫]*

ਦੂਜੀ ਵਿਸ਼ੇਸ਼ਤਾ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਨ ਦਾ, ਸੁਣਨ ਦਾ, ਸਭ ਨੂੰ ਅਧਿਕਾਰ ਹੈ। ਯਥਾ :-

੧. **ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ॥**
**ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ॥**

*[ਥਿਤੀ ਗਉੜੀ ਮਹਲਾ ੫, ਅੰਗ-੩੦੦]*

੨. **ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥**

*[ਸੂਹੀ ਮਹਲਾ ੫, ਅੰਗ-੭੪੭-੪੮]*

ਵੇਦਾਂ ਬਾਰੇ ਐਸਾ ਨਹੀਂ ਹੈ, ਵੇਦਾਂ ਨੂੰ ਬ੍ਰਾਹਮਣ ਹੀ ਪੜ੍ਹ ਸਕਦੇ ਹਨ ਤੇ ਪੜ੍ਹਾ ਸਕਦੇ ਹਨ। ਖੱਤਰੀ ਪੜ੍ਹ ਸਕਦਾ ਹੈ, ਪੜ੍ਹਾ ਨਹੀਂ ਸਕਦਾ। ਵੈਸ਼ ਸੁਣ ਸਕਦਾ ਹੈ, ਪੜ੍ਹ ਨਹੀਂ ਸਕਦਾ। ਸ਼ੂਦਰ ਜੇ ਸੁਣ ਲਵੇ ਤਾਂ ਉਸ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਇਆ ਜਾਂਦਾ ਸੀ। ਇਸਤ੍ਰੀ ਚੌਹਾਂ ਵਰਨਾਂ ਦੀ ਹੀ ਸੁਣ ਨਹੀਂ ਸੀ ਸਕਦੀ।

ਤੀਜੀ ਵਿਸ਼ੇਸ਼ਤਾ ਇਹ ਹੈ ਕਿ ਹਿੰਦੂਆਂ ਦੇ ਕਿਸੇ ਵੀ ਗ੍ਰੰਥ ਵਿਚ ਕਿਸੇ ਵੀ ਮੁਸਲਮਾਨ ਫ਼ਕੀਰ ਦੀ ਇਕ ਵੀ ਤੁਕ ਲਿਖੀ ਹੋਈ ਨਹੀਂ ਮਿਲਦੀ ਹੈ। ਇਸੇ ਤਰ੍ਹਾਂ ਹੀ ਮੁਸਲਮਾਨਾਂ ਦੇ ਕਿਸੇ ਵੀ ਕਤੇਬ ਵਿਚ ਕਿਸੇ ਵੀ ਹਿੰਦੂ ਭਗਤ ਦੀ ਇਕ ਵੀ ਤੁਕ ਲਿਖੀ ਹੋਈ ਨਹੀਂ



ਮਿਲਦੀ ਹੈ। ਪਰ ਰੱਬ ਦੀ ਬੰਦਗੀ ਕਰਨ ਵਾਲਾ ਜੋ ਵੀ ਪੁਰਖ, ਉਹ ਭਾਵੇਂ ਹਿੰਦੂ ਸੀ, ਭਾਵੇਂ ਮੁਸਲਮਾਨ ਸੀ, ਭਾਵੇਂ ਉਹ ਸਧਨਾ ਕਸਾਈ ਸੀ, ਉਹਨਾਂ ਸਾਰਿਆਂ ਦੀ ਸ਼ੁਭ ਸਿੱਖਿਆ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਰ ਕੇ ਸਤਿਗੁਰਾਂ ਨੇ ਸਮਾਨਤਾ ਬਖ਼ਸ਼ੀ ਹੈ।

ਚੌਥੀ ਵਿਸ਼ੇਸ਼ਤਾ ਇਹ ਹੈ ਕਿ ਹਿੰਦੂਆਂ ਜਾਂ ਮੁਸਲਮਾਨਾਂ ਦੇ ਜਿਤਨੇ ਵੀ ਧਾਰਮਿਕ ਗ੍ਰੰਥ ਹਨ, ਉਹ ਕਿਸੇ ਵੀ ਅਵਤਾਰ ਜਾਂ ਪੈਗ਼ੰਬਰ ਨੇ ਆਪ ਨਹੀਂ ਲਿਖੇ। ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ, ਜਿਨ੍ਹਾਂ ਦੀ ਸਾਰੀ ਬਾਣੀ ਸਤਿਗੁਰੂ ਜੀ ਨੇ ਆਪ ਉਚਾਰਨ ਕੀਤੀ ਹੈ ਤੇ ਆਪ ਹੀ ਪਾਸ ਬੈਠ ਕੇ ਭਾਈ ਗੁਰਦਾਸ ਜੀ ਅਤੇ ਭਾਈ ਮਨੀ ਸਿੰਘ ਤੋਂ ਲਿਖਵਾਈ ਹੈ। ਹੋਰ ਜਿਤਨੇ ਵੀ ਜੈਨ ਮਤ ਦੇ ਗ੍ਰੰਥ ਹਨ, ਉਹ ਮਹਾਂਵੀਰ ਜੀ ਤੋਂ ਨੌਂ ਸੌ ਸਾਲ ਬਾਅਦ ਲਿਖੇ ਗਏ ਹਨ। ਬੁੱਧ ਮੱਤ ਦੇ ਜੋ ਗ੍ਰੰਥ ਹਨ, ਉਹ ਸਾਰੇ ਦੇ ਸਾਰੇ ਬੁੱਧ ਜੀ ਦੇ ਚੜ੍ਹਾਈ ਕਰ ਜਾਣ ਤੋਂ ਤਿੰਨ ਸੌ ਸਾਲ ਬਾਅਦ ਲਿਖੇ ਹਨ। ਬਾਈਬਲ ਵੀ ਇਕ ਤਾਂ ਈਸਾ ਜੀ ਤੋਂ ਢਾਈ ਸੌ ਸਾਲ ਬਾਅਦ ਲਿਖੀ ਗਈ ਹੈ ਅਤੇ ਦੂਜੀ ਤਿੰਨ ਸੌ ਸਾਲ ਬਾਅਦ ਲਿਖੀ ਗਈ ਹੈ। ਇਸਲਾਮ ਦੀ ਧਰਮ ਪੁਸਤਕ ਕੁਰਾਨ ਸ਼ਰੀਫ਼ ਹਜ਼ਰਤ ਮੁਹੰਮਦ ਸਾਹਿਬ ਦੇ ਸਰੀਰ ਛੱਡਣ ਤੋਂ ੩੦ ਸਾਲ ਬਾਅਦ ਹਜ਼ਰਤ ਉਮਰ ਨੇ ਲਿਖਵਾਈ।

ਇਸੇ ਤਰ੍ਹਾਂ ਹੀ ਵੇਦ ਵੀ ਅੱਡ ਅੱਡ ਰਿਸ਼ੀਆਂ ਦੀ ਰਚਨਾ ਹੋਣ ਕਰਕੇ ਉਹ ਵੀ ਇਕ ਨਹੀਂ ਰਹਿ ਸਕੇ। ਜੁਜਰ ਵੇਦ ਦੀਆਂ ੨੧ ਸ਼ਾਖ਼ਾਂ ਹਨ। ਅਥਰਬਣ ਵੇਦ ਦੀਆਂ ੫੧ ਸ਼ਾਖ਼ਾਂ ਹਨ। ਰਿਗ ਵੇਦ ਦੀਆਂ ੧੦੯ ਸ਼ਾਖ਼ਾਂ ਹਨ। ਸਾਮ ਵੇਦ ਦੀਆਂ ੧੦੦੦ ਸ਼ਾਖ਼ਾਂ ਹਨ। ਵਿਸ਼ਨੂੰ ਪੁਰਾਣ ਦਾ ੧੫੦੦੦ ਸਲੋਕ ਗੁੰਮ ਹੈ, ਅਗਨੀ ਪੁਰਾਣ ਦਾ ੫੦੦੦੦ ਸਲੋਕ ਅਲੋਪ ਹੈ।

ਇਕੋ ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਐਸੇ ਹਨ, ਜੋ ਮੁਕੰਮਲ ਰੂਪ ਵਿਚ ਸਾਡੇ ਪਾਸ ਮੌਜੂਦ ਹਨ। ਹੁਣ ਇਸ ਵਿਚ ਵੀ ਬੇ-ਸਿਦਕੇ ਸਿੱਖ ਵਾਧਾ ਘਾਟਾ ਕਰਨਾ ਚਾਹੁੰਦੇ ਹਨ। ਕੋਈ ਤਾਂ ਕਹਿੰਦਾ ਹੈ ਕਿ ਰਾਗਮਾਲਾ ਬਾਣੀ ਨਹੀਂ ਹੈ, ਕੋਈ ਕਹਿੰਦਾ ਹੈ ਕਿ ਭਗਤ ਬਾਣੀ ਨਹੀਂ ਚਾਹੀਦੀ। ਜਿਨ੍ਹਾਂ ਦੀ ਬੁੱਧੀ ਵਿਚ ਜੀਵ (ਕਿਰਮ) ਪਏ ਹੋਏ ਹਨ, ਉਹ ਬੁੱਧੀਜੀਵੀ ਹੋਰ ਵੀ ਬਹੁਤ ਕੁਝ ਕਹਿ ਰਹੇ ਹਨ।

ਹੋਰ ਤਾਂ ਕੋਈ ਇਸ ਵਿਚ ਵਾਧਾ ਘਾਟਾ ਨਹੀਂ ਕਰ ਸਕਦਾ, ਜੋ ਸਾਡੇ ਵਿਚੋਂ ਹੀ ਸਿੱਖੀ ਲਿਬਾਸ ਵਿਚ ਬਹੁਰੂਪੀਏ ਖ਼ਰੀਦੇ ਹੋਏ ਲੋਕ ਹਨ, ਉਹੀ ਸਾਡੀ ਰਹਿਤ ਮਰਿਆਦਾ 'ਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਨਣ ਪੂਜਣ 'ਤੇ, ਸਾਡੇ ਤੀਰਥਾਂ ਦੇ ਇਸ਼ਨਾਨ ਕਰਨ 'ਤੇ, ਸਾਡੇ ਨਿਸ਼ਾਨ ਸਾਹਿਬਾਂ 'ਤੇ, ਗੁਰਪੁਰਬਾਂ ਦੀਆਂ ਤਾਰੀਖ਼ਾਂ 'ਤੇ ਕਿੰਤੂ ਪ੍ਰੰਤੂ ਕਰਨ ਲੱਗੇ ਹੋਏ ਹਨ। ਪਰ ਜਿਤਨਾ ਮਰਜ਼ੀ ਹੈ, ਜ਼ੋਰ ਲਾ ਲੈਣ, ਇਹ ਜਿਹੜੇ **'ਮਾਇਆ ਹਾਥ ਬਿਕਾਨਾ'** ਵਾਲੇ **'ਭੇਖੀ ਮੂਰਖ ਸਿੱਖ'** ਹਨ, ਇਹ ਆਪਣੀਆਂ ਕੁਟਲ ਨੀਤੀਆਂ ਵਿਚ ਸਫਲ ਨਹੀਂ ਹੋ ਸਕਣਗੇ। ਇਹ ਆਪਣਾ ਹੀ ਲੋਕ ਤੇ ਪ੍ਰਲੋਕ ਵਿਗਾੜ ਕੇ **'.....ਗਲਿ ਸੰਗਲੁ ਘਤਿ ਚਲਾਇਆ ॥'** ਦੀ ਸਜ਼ਾ ਭੋਗਦੇ ਹੋਏ, ਜਮਾਂ ਦੇ ਵੱਸ ਪੈ ਕੇ **'ਨੰਗਾ ਦੋਜਕਿ ਚਾਲਿਆ'** ਦੀ ਹਾਲਤ ਵਿਚ ਪ੍ਰਲੋਕ ਨੂੰ ਜਾਣਗੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਜਨ ਕਰਨਾ ਬੁੱਤ-ਪ੍ਰਸਤੀ ਕਿਵੇਂ ?

'ਪੁਰਖ ਗੁਰੂ' ਕਿਤਾਬ ਵਿਚ ਮੇਹਰ ਸਿੰਘ ਕੂਕੇ ਨੇ ਲਿਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਜਨ ਕਰਨਾ ਤੇ ਮੰਨਣਾ



ਬੁੱਤ-ਪ੍ਰਸਤੀ ਹੈ। ਅਸੀਂ ਪੁੱਛਦੇ ਹਾਂ ਕਿ ਇਹ ਬੁੱਤ-ਪ੍ਰਸਤੀ ਕਿਵੇਂ ਹੈ ? ਸੰਸਾਰ ਵਿਚ ਚੌਦਾਂ ਵਿਦਿਆ ਮੰਨੀਆਂ ਹਨ। ਉਹਨਾਂ ਵਿਚ ਚਾਰ ਵੇਦ, ਵੇਦ ਦੇ ਖਟ ਅੰਗ, ਛੇ ਸ਼ਾਸਤ੍ਰ, ੧੮ ਪੁਰਾਨ, ਗੀਤਾ, ਰਾਮਾਇਣ, ਕੁਰਾਨ ਆਦਿਕ ਚਾਰ ਕਤੇਬਾਂ, ਵੱਡੇ ਵੱਡੇ ਦੇਸ਼ਾਂ ਦੇ ਵਿਧਾਨ ਹਨ। ਇਹ ਸਾਰੇ ਦੇ ਸਾਰੇ ਲਿਖਤ ਰੂਪ ਵਿਚ ਹੋਣ ਕਰਕੇ ਇਨ੍ਹਾਂ ਨੂੰ ਅੱਜ ਤਕ ਕਿਸੇ ਨੇ ਵੀ ਬੁੱਤ ਨਹੀਂ ਕਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਲਿਖਤ ਵਿਚ ਹਨ। ਫਿਰ ਇਹ ਬੁੱਤ ਕਿਵੇਂ ਹੋਏ ? ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੁੱਤ ਨਹੀਂ, ਫਿਰ ਇਹਨਾਂ ਨੂੰ ਮੰਨਣ ਵਾਲੇ ਸਿੱਖ ਬੁੱਤ-ਪ੍ਰਸਤ ਕਿਵੇਂ ਹੋਏ ?

ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣਾ ਹੈ, ਇਹ ਤਾਂ ਅਕਾਲ ਪੁਰਖ ਵਾਹਿਗੁਰੂ ਦੀ ਪੂਜਾ ਹੈ। ਜਿਸ ਤਰ੍ਹਾਂ ਕਿਸੇ ਆਦਮੀ ਨੂੰ ਉਸ ਦੇ ਮਿੱਤਰ ਦੀ ਚਿੱਠੀ ਆਉਂਦੀ ਹੈ, ਉਹ ਉਸ ਚਿੱਠੀ ਨੂੰ ਆਪਣੇ ਮਿੱਤਰ ਦੀ ਚਿੱਠੀ ਜਾਣ ਕੇ, ਆਪਣੀ ਛਾਤੀ ਨਾਲ ਲਾਉਂਦਾ ਹੈ। ਉਹ ਇਸ ਤਰ੍ਹਾਂ ਕਰ ਕੇ ਕਾਗਜ਼ ਦਾ ਸਤਿਕਾਰ ਨਹੀਂ ਕਰਦਾ, ਸਗੋਂ ਆਪਣੇ ਪਿਆਰੇ ਦੇ ਜੋ ਬਚਨ ਉਸ ਵਿਚ ਲਿਖੇ ਹੋਏ ਹਨ, ਉਨ੍ਹਾਂ ਨਾਲ ਪਿਆਰ ਕਰਦਾ ਹੈ। ਇਸੇ ਤਰ੍ਹਾਂ ਹੀ ਗੁਰੂ ਜੀ ਦੇ ਸਿੱਖ ਕਾਗਜ਼ਾਂ ਦੀ ਪੂਜਾ ਜਾਂ ਬੁੱਤ-ਪ੍ਰਸਤੀ ਨਹੀਂ ਕਰਦੇ। ਗੁਰਸਿੱਖ ਤਾਂ ਧੁਰ ਕੀ ਬਾਣੀ, ਜੋ ਅਕਾਲ ਪੁਰਖ ਦਾ ਸਰੂਪ, ਸ਼ੁਭ ਗੁਣਾਂ ਦੀ ਖਾਣ, ਬ੍ਰਹਮ ਵਿਦਿਆ, ਬ੍ਰਹਮ ਗਿਆਨ ਦੀ ਦਾਤੀ, ਵਾਹਿਗੁਰੂ ਦੀ ਸਿਫ਼ਤ-ਸਲਾਹ ਦਾ ਭੰਡਾਰਾ, ਨਾਮ ਦਾ ਭੰਡਾਰਾ ਹੈ, ਉਸ ਦਾ ਸਤਿਕਾਰ ਕਰਦੇ ਹਨ। ਪਰ ਜਿਨ੍ਹਾਂ ਕਾਗਜ਼ਾਂ 'ਤੇ ਇਹ ਖ਼ਜ਼ਾਨਾ ਸਾਂਭਿਆ ਹੋਇਆ ਹੈ, ਉਹ ਵੀ ਨਮਸਕਾਰ ਤੇ ਪੂਜਾ ਕਰਨ ਦੇ ਯੋਗ ਹਨ। ਯਥਾ :–

**ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ;**
**ਜੈਸੇ ਕਾਗਰਾ ਕਰਤ ਬੀਚਾਰੰ ॥**

**ਭਗਤਿ ਭਾਗਉਤੁ ਲਿਖੀਐ ਤਿਹ ਊਪਰੇ;**
**ਪੂਜੀਐ ਕਰਿ ਨਮਸਕਾਰੰ ॥੨॥**

*[ਮਲਾਰ ਬਾਣੀ ਭਗਤ ਰਵਿਦਾਸ ਜੀ ਕੀ, ਅੰਗ-੧੨੯੩]*

ਸਿੱਖ ਤਾਂ ਨਾਮ ਅਥਵਾ ਨਾਮੀ ਪ੍ਰਮੇਸ਼ਰ ਦੀ ਪੂਜਾ ਕਰਦੇ ਹਨ। ਜੇ ਸਿੱਖ ਕਾਗਜ਼ਾਂ ਦੇ ਪੁਜਾਰੀ ਹੋਣ ਤਾਂ ਫਿਰ ਹਰ ਰੋਜ਼ ਅਖ਼ਬਾਰਾਂ ਪੜ੍ਹ ਕੇ ਪਰੇ ਕਿਵੇਂ ਸੁੱਟਣ। ਹੋਰ ਵੀ ਹਜ਼ਾਰਾਂ ਮਣ ਕਾਗਜ਼ ਦੁਕਾਨਾਂ ਵਿਚ ਪਏ ਹਨ, ਕੀ ਕਦੇ ਕਿਸੇ ਸਿੱਖ ਨੇ ਉਹਨਾਂ ਨੂੰ ਵੀ ਮੱਥਾ ਟੇਕਿਆ ਹੈ ?

ਜਿਸ ਤਰ੍ਹਾਂ ਰੇਸ਼ਮ ਦੇ ਥਾਨ ਮੋਟੇ ਤੱਪੜਾਂ ਜਾਂ ਮੋਟੇ ਕੱਪੜਿਆਂ ਵਿਚ ਲਪੇਟੇ ਹੁੰਦੇ ਹਨ। ਰੇਸ਼ਮੀ ਬਸਤਰਾਂ ਦੇ ਥਾਨਾਂ ਦੇ ਨਾਲ ਉਹਨਾਂ ਦੀ ਵੀ ਉਸੇ ਤਰ੍ਹਾਂ ਸੰਭਾਲ ਕੀਤੀ ਜਾਂਦੀ ਹੈ, ਇਸੇ ਤਰ੍ਹਾਂ ਹੀ ਗੁਰਸਿੱਖ ਤਾਂ ਨਾਮ ਦੇ ਉਪਾਸ਼ਕ ਹਨ। ਕਾਗਜ਼ਾਂ ਦੇ ਪੁਜਾਰੀ ਜਾਂ ਬੁੱਤ-ਪ੍ਰਸਤ ਨਹੀਂ ਹਨ। ਯਥਾ :-

੧. **ਗੁਰਸਿਖ ਆਸਕੁ ਸਬਦ ਦੇ.....।**

*[ਭਾਈ ਗੁਰਦਾਸ ਜੀ, ਵਾਰ-੩੭, ਪਉੜੀ-੩੧]*

੨. **ਸਬਦ ਗੁਰੂ ਗੁਰੁ ਜਾਣੀਐ;**
**ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ ॥**

*[ਭਾਈ ਗੁਰਦਾਸ ਜੀ, ਵਾਰ-੭, ਪਉੜੀ-੨੦]*

ਜੋ ਲੋਕ ਇਹ ਕਹਿੰਦੇ ਹਨ ਕਿ ਸਿੱਖ ਬੁੱਤ-ਪ੍ਰਸਤ ਕਿਵੇਂ ਨਹੀਂ ? ਜਦ ਕਿ ਆਪਣੇ ਆਪ ਕੋਈ ਵੀ ਕਿਰਿਆ ਨਾ ਕਰਨ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਜਾਰੀ ਹਨ।

ਬੁੱਤ-ਪ੍ਰਸਤ ਤਾਂ ਉਸ ਨੂੰ ਕਿਹਾ ਜਾਂਦਾ ਹੈ, ਜੋ ਕਿਸੇ ਸਥੂਲ ਵਸਤੂ ਦਾ ਪੁਜਾਰੀ ਹੋਵੇ। ਗੁਰਸਿੱਖਾਂ ਨੂੰ ਬੁੱਤ-ਪ੍ਰਸਤ ਨਹੀਂ ਕਿਹਾ ਜਾ ਸਕਦਾ, ਜਦ ਕਿ ਉਹ ਪੁਜਾਰੀ ਹੀ ਉਸ ਵਿਚਾਰਧਾਰਾ ਦੇ ਹਨ, ਜੋ ਸਤਿਗੁਰਾਂ ਦੇ ਆਤਮਿਕ ਸਰੂਪ ਵਿਚੋਂ ਨਿਕਲੀ ਹੋਈ ਵਿਚਾਰ, ਸੂਖ਼ਮ ਰੂਪ ਵਿਚ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਮਾਨ ਹੈ। ਇਸ ਲਈ ਸਿੱਖ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰੱਖੀ ਗਈ ਸੂਖ਼ਮ ਵਿਚਾਰਧਾਰਾ ਦੇ ਪੁਜਾਰੀ ਹਨ ਅਤੇ ਬਾਣੀ ਦੇ ਕਾਵਿ-ਰੂਪ ਅੱਖਰਾਂ ਦੀ ਭਰਪੂਰ ਸ਼ਰਧਾ ਸਿੱਖਾਂ ਦੇ ਮਨ ਵਿਚ ਇਸ ਕਰਕੇ ਹੈ ਕਿ ਉਹਨਾਂ ਅੱਖਰਾਂ ਵਿਚ ਉਸ ਵਿਚਾਰਧਾਰਾ ਨੂੰ ਸੰਭਾਲਿਆ ਹੋਇਆ ਹੈ। ਗੁਰਬਾਣੀ ਰੂਪ ਕਾਵਿ ਤੋਂ ਬਿਨਾਂ ਹੋਰ ਕੋਈ ਜਗ੍ਹਾ ਹੀ ਨਹੀਂ ਹੈ, ਜਿਸ ਵਿਚ ਉਸ ਨੂੰ ਸੰਭਾਲ ਕੇ ਰੱਖਿਆ ਜਾ ਸਕਦਾ ਹੈ। ਯਾਦ-ਸ਼ਕਤੀ ਆਦਿ ਸਾਰੇ ਸਾਧਨ ਮਸਨੂਈ ਹਨ। ਇਹ ਹਮੇਸ਼ਾ ਲਈ ਇਸ ਵਿਚਾਰਧਾਰਾ ਨੂੰ ਸਾਂਭ ਕੇ ਨਹੀਂ ਰੱਖ ਸਕਦੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੁੱਚੇ ਸਰੂਪ ਦਾ ਸਤਿਕਾਰ ਇਸ ਲਈ ਕੀਤਾ ਜਾਂਦਾ ਹੈ ਕਿ ਜਿਸ ਤਰ੍ਹਾਂ ਅਸੀਂ ਕਿਸੇ ਗੁਣੀ ਪੁਰਖ ਦੇ ਸਰੀਰ ਦਾ ਸਤਿਕਾਰ ਫੁੱਲਾਂ ਆਦਿ ਦੇ ਹਾਰ ਪਾ ਕੇ ਇਸ ਲਈ ਕਰਦੇ ਹਾਂ ਕਿ ਇਸ ਦੇ ਸਰੀਰ ਨੇ ਉਹਨਾਂ ਸੂਖ਼ਮ ਗੁਣਾਂ ਨੂੰ ਆਪਣੇ ਅੰਦਰ ਸਾਂਭ ਕੇ ਰੱਖਿਆ ਹੋਇਆ ਹੁੰਦਾ ਹੈ। ਉਸ ਸਰੀਰ ਤੋਂ ਬਿਨਾਂ ਉਹ ਗੁਣ ਰਹਿ ਨਹੀਂ ਸਕਦੇ। ਗੁਣਾਂ ਦੀ ਸੰਭਾਲ ਕਰਨ ਵਾਲਾ ਹੋਣ ਕਰਕੇ ਹੀ ਸਰੀਰ ਦਾ ਸਤਿਕਾਰ ਕੀਤਾ ਜਾਂਦਾ ਹੈ। ਕਿਉਂਕਿ ਗੁਣੀ ਪੁਰਖ ਦੇ ਸਰੀਰ ਦਾ ਸਤਿਕਾਰ ਕਰਨਾ ਹੀ ਉਸ ਦੇ ਗੁਣਾਂ ਦਾ ਸਤਿਕਾਰ ਹੈ। ਨਹੀਂ ਤਾਂ ਗੁਣ ਤਾਂ ਇਕ ਸੂਖ਼ਮ ਚੀਜ਼ ਹਨ, ਉਹਨਾਂ ਦਾ ਸਤਿਕਾਰ ਕਰਨ ਦਾ ਕੋਈ ਹੋਰ ਤਰੀਕਾ ਹੋ ਵੀ ਕੀ ਸਕਦਾ ਹੈ।

ਇਸੇ ਤਰ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਨਾ ਹੀ ਦਸਾਂ ਪਾਤਸ਼ਾਹੀਆਂ ਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਭਾਲੀ ਹੋਈ ਵਿਚਾਰਧਾਰਾ ਦਾ ਸਤਿਕਾਰ ਹੈ। ਨਹੀਂ ਤਾਂ ਉਸ ਦੇ ਸਤਿਕਾਰ ਕਰਨ ਦਾ ਪ੍ਰਤੱਖ ਤੌਰ 'ਤੇ ਕੋਈ ਹੋਰ ਚੰਗਾ ਤਰੀਕਾ ਹੋ ਵੀ ਕੀ ਸਕਦਾ ਹੈ।

ਸਿਆਣਿਆਂ ਨੇ ਦੋ ਤਰ੍ਹਾਂ ਦੀ ਸੰਗਤ ਮੰਨੀ ਹੈ। ਇਕ ਤਾਂ ਚੰਗੇ ਸਤਿਪੁਰਖਾਂ ਦੀ ਸੰਗਤ ਹੈ, ਜਿਸ ਬਾਰੇ ਕਿਹਾ ਹੈ :-

**ਸਾਧ ਕੈ ਸੰਗਿ ਨਹੀ ਕਛੁ ਘਾਲ ॥**
**ਦਰਸਨੁ ਭੇਟਤ ਹੋਤ ਨਿਹਾਲ ॥**

*[ਗਉੜੀ ਸੁਖਮਨੀ ਮ: ੫, ਅੰਗ-੨੭੨]*

ਦੂਜੀ ਸੰਗਤ ਹੈ ਚੰਗੇ ਧਾਰਮਿਕ ਗ੍ਰੰਥਾਂ ਦੀ, ਜਿਨ੍ਹਾਂ ਨੂੰ ਪੜ੍ਹਨ ਕਰਕੇ ਚੰਗੀ ਵਿਚਾਰ ਪ੍ਰਾਪਤ ਹੁੰਦੀ ਹੈ। ਤੁਸੀਂ ਦੱਸੋ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੁੱਤ ਕਿਵੇਂ ਹੋਏ ?

ਦੂਜੀ ਗੱਲ ਇਹ ਵੀ ਹੈ ਕਿ ਜਿਹੜੇ ਕੂਕੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬੁੱਤ ਜਾਂ ਜੜ੍ਹ ਕਹਿ ਰਹੇ ਹਨ, ਹੁਣ ਤਕ ਤਾਂ ਇਹ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਪਣੇ ਦੀਵਾਨਾਂ ਵਿਚ ਪ੍ਰਕਾਸ਼ ਕਰ ਕੇ ਮੱਥੇ ਟੇਕਦੇ ਰਹੇ ਹਨ। ਆਪਣੇ ਦੀਵਾਨਾਂ ਵਿਚ ਮਹਾਰਾਜ ਦਾ ਪ੍ਰਕਾਸ਼ ਕਰਨੋ ਇਹ ਉਦੋਂ ਤੋਂ ਹਟੇ ਹਨ। ਇਕ ਵਾਰ ਇਹਨਾਂ ਦਾ ਲਾਹੌਰ ਵਿਚ ਦੀਵਾਨ ਲੱਗਾ ਹੋਇਆ ਸੀ। ਇਕ ਕੂਕੇ ਦੇ ਕੇਸ ਖੁੱਲੇ ਸਨ, ਉਹ ਨੱਚਦਾ ਟੱਪਦਾ ਹੋਇਆ ਮਹਾਰਾਜ ਸਾਹਿਬ ਦੇ ਸਰੂਪ 'ਤੇ ਛਾਲ ਮਾਰ ਕੇ ਬੈਠ ਗਿਆ, ਦੋਨੋਂ ਪਲਕਾਂ ਦੋਹਾਂ ਹੱਥਾਂ ਨਾਲ ਉਤਾਂਹ ਚੁੱਕ ਕੇ ਕਹਿ ਰਿਹਾ ਸੀ, "ਚੱਲ ਮੇਰੇ ਘੋੜਿਆ।" ਹਰੀ ਸਿੰਘ ਨਲੂਏ ਦੀ ਬੰਸ ਵਿਚੋਂ ਭਾਈ ਜਵਾਹਰ ਸਿੰਘ ਦੀਵਾਨ ਵਿਚ ਬੈਠਾ ਹੋਇਆ ਸੀ। ਉਹ ਇਸ ਬੇਅਦਬੀ ਨੂੰ ਸਹਾਰ ਨਾ ਸਕਿਆ। ਉਸ ਨੇ ਉੱਠ ਕੇ ਆਪਣੀ ਕਿਰਪਾਨ ਨਾਲ ਕੂਕੇ ਦਾ ਸਿਰ ਲਾਹ ਕੇ ਔਹ ਮਾਰਿਆ। ਉਸ ਤੋਂ ਬਾਅਦ ਫਿਰ ਨਹੀਂ ਇਹਨਾਂ ਨੇ ਆਪਣੇ ਦੀਵਾਨ ਵਿਚ ਮਹਾਰਾਜ ਸਾਹਿਬ ਦਾ ਪ੍ਰਕਾਸ਼ ਕੀਤਾ। ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਨੇ ਭਾਈ ਜਵਾਹਰ ਸਿੰਘ ਨੂੰ ਅੰਗਰੇਜ਼ਾਂ ਦੀ ਜੇਲ੍ਹ ਵਿਚੋਂ ਇਹ ਕਹਿ ਕੇ ਛੁਡਵਾ ਲਿਆ ਸੀ ਕਿ ਕੂਕੇ ਨੇ ਸਾਡੇ ਗੁਰੂ ਦੀ ਬੇਅਦਬੀ ਕਿਉਂ ਕੀਤੀ ?



ਅਨੰਦ ਕਾਰਜ ਦੇ ਵਕਤ ਲਾਵਾਂ ਦਾ ਪਾਠ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਕਰਦੇ ਹਨ, ਪਰ ਪ੍ਰਕਰਮਾਂ ਅੱਗ ਦੀਆਂ ਕਰਦੇ ਹਨ। ਬਾਬਾ ਰਾਮ ਸਿੰਘ ਜੀ ਨੇ ਬਾਹਰੋਂ ਭੇਜੀਆਂ ਆਪਣੀਆਂ ਚਿੱਠੀਆਂ ਵਿਚ ਕਿਤੇ ਵੀ ਆਪਣੇ ਆਪ ਨੂੰ ਗੁਰੂ ਨਹੀਂ ਕਿਹਾ ਹੈ। ਹੁਣ ਇਹ ਨਹੀਂ ਪਤਾ ਲੱਗਦਾ ਕਿ ਆਪਣੇ ਆਪ ਨੂੰ ਗੁਰੂ ਕਹਾਉਣ ਦੀ ਆਦਤ ਇਹਨਾਂ ਨੂੰ ਕਿਵੇਂ ਪੈ ਗਈ ਹੈ। ਬਾਬਾ ਰਾਮ ਸਿੰਘ ਤੇ ਬਾਬਾ ਪ੍ਰਤਾਪ ਸਿੰਘ ਜੀ ਅੰਮ੍ਰਿਤ ਵੀ ਛਕਾਉਂਦੇ ਰਹੇ ਹਨ।

## ਚੇਤਨ ਹੀ ਗੁਰੂ ਹੋ ਸਕਦਾ ਹੈ

'ਪੁਰਖ ਗੁਰੂ' ਕਿਤਾਬ ਵਿਚ ਮੇਹਰ ਸਿੰਘ ਕੂਕੇ ਨੇ ਲਿਖਿਆ ਹੈ ਕਿ ਚੇਤਨ ਹੀ ਗੁਰੂ ਹੋ ਸਕਦਾ ਹੈ, ਅਚੇਤਨ ਨਹੀਂ। ਭਾਵ ਦੇਹਧਾਰੀ ਹੀ ਗੁਰੂ ਹੋ ਸਕਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਅਚੇਤਨ ਹਨ, ਜੜ੍ਹ ਹਨ, ਇਹ ਗੁਰੂ ਨਹੀਂ ਹੋ ਸਕਦੇ। ਅਸੀਂ ਇਹਨਾਂ ਤੋਂ ਪੁੱਛਦੇ ਹਾਂ ਕਿ ਬਿਆਸ ਜੀ ਨੇ ਭਵਿੱਖਤ ਪੁਰਾਣ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਸ਼ਬਦਾ ਅਵਤਾਰ' ਕਰ ਕੇ ਲਿਖਿਆ ਹੈ। ਜੋ ਸ਼ਬਦ ਹੈ, ਉਹ ਜੜ੍ਹ ਨਹੀਂ ਹੋ ਸਕਦਾ, ਜੋ ਜੜ੍ਹ ਚੀਜ਼ ਹੈ, ਉਹ ਕਿਸੇ ਨੂੰ ਤਾਰ ਨਹੀਂ ਸਕਦੀ। ਤੇ ਸ਼ਬਦ ਕਰਕੇ ਕਿਤਨੇ ਲੋਕ ਤਰੇ ਹਨ, ਉਹਨਾਂ ਦੀ ਗਿਣਤੀ ਵੀ ਨਹੀਂ ਹੋ ਸਕਦੀ। ਯਥਾ :-

੧. **ਗੁਰ ਕੈ ਸਬਦਿ ਤਰੇ ਮੁਨਿ ਕੇਤੇ;**
**ਇੰਦ੍ਰਾਦਿਕ ਬ੍ਰਹਮਾਦਿ ਤਰੇ ॥**

*[ਰਾਗੁ ਭੈਰਉ ਮਹਲਾ ੧ ਘਰੁ ੨, ਅੰਗ-੧੧੨੫]*

੨. **ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ ॥**
**ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ ॥੨॥**

*[ਧਨਾਸਰੀ ਕਬੀਰ ਜੀ, ਅੰਗ-੬੯੨]*

ਜਿਹੜੇ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੂਜਨ ਕਰਨ ਨੂੰ ਬੁੱਤ-ਪ੍ਰਸਤੀ ਦੱਸਦੇ ਹਨ, ਉਹਨਾਂ ਨੇ ਕਦੇ ਇਹ ਸੋਚਿਆ ਵੀ ਨਹੀਂ ਹੁੰਦਾ ਕਿ ਗ੍ਰੰਥ ਕਹਿੰਦੇ ਕਿਸ ਨੂੰ ਹਨ? 'ਗ੍ਰੰਥ' ਦਾ ਭਾਵ ਹੈ ਜਿਸ ਨੂੰ ਪੜ੍ਹ ਕੇ **ਗ**=ਗਿਆਨ ਦਾ **ਰੰਥ**=ਪ੍ਰਵਾਹ ਪੈ ਜਾਵੇ, ਭਾਵ ਜਿਸ ਦੇ ਪੜ੍ਹਨ ਨਾਲ ਸਾਨੂੰ ਸੂਝ-ਬੂਝ ਪ੍ਰਾਪਤ ਹੋ ਜਾਵੇ।

ਜਿਸ ਤਰ੍ਹਾਂ ਜੋਤਸ਼ ਦਾ ਗ੍ਰੰਥ ਵਿਪਾਕ ਸ਼ਾਸਤ੍ਰ ਹੈ, ਉਸ ਦੇ ਪੜ੍ਹਨ ਕਰਕੇ ਸਾਨੂੰ ਸਮੇਂ ਦਾ ਗਿਆਨ ਹੁੰਦਾ ਹੈ ਅਤੇ ਬੀਤ ਚੁੱਕੇ ਸਮੇਂ ਵਿਚ ਜੋ ੨੩ ਅਵਤਾਰ ਹੋਏ ਹਨ ਜਾਂ ਹੋਰ ਵੀ ਵੱਡੀਆਂ ਵੱਡੀਆਂ ਘਟਨਾਵਾਂ ਹੋ ਚੁੱਕੀਆਂ ਹਨ, ਉਹਨਾਂ ਸਾਰੀਆਂ ਦਾ ਗਿਆਨ, ਗ੍ਰੰਥਾਂ ਦੁਆਰਾ ਹੀ ਸਾਨੂੰ ਪ੍ਰਾਪਤ ਹੁੰਦਾ ਹੈ।

ਜੇ ਤੁਸੀਂ ਕਹੋ ਕਿ ਗ੍ਰੰਥ ਵੀ ਤਾਂ ਬੰਦਿਆਂ ਨੇ ਹੀ ਬਣਾਏ ਹਨ। ਇਹ ਠੀਕ ਹੈ, ਪਰ ਉਹ ਬੰਦੇ ਅੱਜ ਕਿਥੇ ਹਨ? ਕਿਸੇ ਸਮੇਂ ਉਹ ਸੀ, ਹੁਣ ਨਹੀਂ ਹਨ ਅਤੇ ਨਾ ਹੀ ਉਹ ਸਾਰੇ ਥਾਵਾਂ 'ਤੇ ਹੋ ਸਕਦੇ ਹਨ। ਗ੍ਰੰਥ ਸਾਰੇ ਹੀ ਉਪਲਬਧ ਹਨ। ਜਦੋਂ ਬੰਦਾ ਹੀ ਨਹੀਂ ਰਿਹਾ, ਫਿਰ ਗ੍ਰੰਥਾਂ ਤੋਂ ਬਿਨਾਂ ਉਸ ਦਾ ਗਿਆਨ ਵੀ ਕਿਥੇ ਰਹਿ ਜਾਵੇਗਾ?

ਗ੍ਰੰਥਾਂ ਤੋਂ ਤਾਂ ਤੁਸੀਂ ਕਿਤਨਾ ਗਿਆਨ ਪ੍ਰਾਪਤ ਕਰਦੇ ਹੋ ਪਰ ਬੁੱਤ ਤੋਂ ਤੁਸੀਂ ਕੀ ਪ੍ਰਾਪਤ ਕਰੋਗੇ? ਬੁੱਤ ਤਾਂ ਇਹ ਵੀ ਨਹੀਂ ਦੱਸ ਸਕਦਾ ਕਿ ਮੈਂ ਕੌਣ ਹਾਂ? ਉਸ ਦੇ ਪਾਸ ਬੋਰਡ ਲਿਖ ਕੇ ਲਾਇਆ ਹੁੰਦਾ ਹੈ ਕਿ ਇਹ ਫਲਾਣੇ ਦਾ ਬੁੱਤ ਹੈ। ਜੋ ਬੋਰਡ ਲਿਖਿਆ ਹੁੰਦਾ ਹੈ, ਉਸ ਨੂੰ ਤੁਸੀਂ ਬੁੱਤ ਨਹੀਂ ਕਹਿ ਸਕਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਲਿਖਤ ਵਿਚ ਹੈ, ਫਿਰ ਤੁਸੀਂ ਇਸ ਨੂੰ ਬੁੱਤ ਕਿਵੇਂ ਕਹਿ ਸਕਦੇ ਹੋ?

ਵੱਡੇ ਵੱਡੇ ਦੇਸ਼ਾਂ ਦੇ ਵਿਧਾਨ ਲਿਖਤ ਵਿਚ ਹਨ, ਜਿਨ੍ਹਾਂ ਤੋਂ ਸੇਧ ਲੈ ਕੇ ਸਰਕਾਰਾਂ ਦੇ ਕਾਰੋਬਾਰ ਚੱਲਦੇ ਹਨ। ਕੀ ਕਿਸੇ ਬੁੱਤ ਤੋਂ ਵੀ ਸੇਧ ਲੈ ਕੇ ਕੋਈ ਦੇਸ਼ ਚੱਲਦਾ ਹੈ? ਬੋਰਡ 'ਤੇ ਲਿਖੇ ਅਨੁਸਾਰ ਜੋ ਚੱਲਦਾ



ਹੈ, ਉਹ ਆਪਣੀ ਮੰਜ਼ਲ 'ਤੇ ਠੀਕ ਪਹੁੰਚ ਜਾਂਦਾ ਹੈ। ਜੋ ਉਸ ਲਿਖਤ ਦੀ ਪ੍ਰਵਾਹ ਨਹੀਂ ਕਰਦਾ, ਉਹ ਫਿਰ ਅਗਲੇ ਪਾਸੇ ਖੱਡ ਵਿਚ ਪਿਆ ਹੁੰਦਾ ਹੈ।

ਅੱਜ ਕੱਲ੍ਹ ਤਾਂ ਲਿਖਤ ਨੂੰ ਹੀ ਸਹੀ ਮੰਨਿਆ ਜਾਂਦਾ ਹੈ। ਅਜੇ ਪਹਿਲੇ ਸਮੇਂ ਵਿਚ ਤਾਂ ਲੋਕ ਇਹ ਕਹਿ ਦਿੰਦੇ ਸੀ ਕਿ ਜ਼ਬਾਨ ਵੀ ਕੋਈ ਚੀਜ਼ ਹੈ, ਪਰ ਅੱਜ ਕੱਲ੍ਹ ਤਾਂ ਵੱਡੇ ਵੱਡੇ ਲੀਡਰ ਵੀ ਗੱਲ ਕਹਿ ਕੇ ਝੱਟ ਹੀ ਮੁੱਕਰ ਜਾਂਦੇ ਹਨ ਕਿ ਅਸੀਂ ਤਾਂ ਇਹ ਗੱਲ ਕਹੀ ਹੀ ਨਹੀਂ ਹੈ। ਕਿਸੇ ਦੀ ਕਹੀ ਗੱਲ 'ਤੇ ਇਤਬਾਰ ਨਾ ਹੋਣ ਕਰਕੇ ਹੀ ਲੋਕ ਅਸ਼ਟਾਮਾਂ ਦੇ ਕਾਗਜ਼ ਲਿਖਦੇ ਹਨ। ਇਕ ਸਰਕਾਰ ਦਾ ਜਦੋਂ ਦੂਜੀ ਸਰਕਾਰ ਨਾਲ ਕੋਈ ਵਾਅਦਾ ਹੁੰਦਾ ਹੈ ਤਾਂ ਉਹ ਵੀ ਲਿਖਤੀ ਹੁੰਦਾ ਹੈ। ਜਿਹੜੇ ਅੱਜ ਕੱਲ੍ਹ ਦੇਹਧਾਰੀ ਗੁਰੂ ਬਣੇ ਬੈਠੇ ਹਨ, ਇਹਨਾਂ ਦੀ ਕਹੀ ਗੱਲ 'ਤੇ ਕੋਈ ਕੀ ਵਿਸ਼ਵਾਸ ਕਰ ਸਕਦਾ ਹੈ, ਜਦੋਂ ਪੈਰ ਪੈਰ 'ਤੇ ਮੁੱਕਰੀ ਜਾਂਦੇ ਹਨ। ਇਸ ਕਰਕੇ ਲਿਖਤ 'ਤੇ ਹੀ ਵਿਸ਼ਵਾਸ ਕੀਤਾ ਜਾ ਸਕਦਾ ਹੈ।

ਛੇਵੇਂ ਪਾਤਸ਼ਾਹ ਜੀ ਨੇ ਮਾਤਾ ਸੁਲੱਖਣੀ ਨੂੰ ਲਿਖ ਕੇ ਦਿੱਤਾ ਕਿ ਸੱਤ ਪੁੱਤਰ ਹੋਣਗੇ। ਸ੍ਰੀ ਰਾਮ ਚੰਦ੍ਰ ਜੀ ਨੇ ਪੱਥਰ ਤਾਰਨ ਵੇਲੇ 'ਰਾਮ' ਲਿਖ ਕੇ ਦਿੱਤਾ। ਕ੍ਰਿਸ਼ਨ ਜੀ ਨੂੰ ਤੋਲਣ ਵੇਲੇ ਦੂਜੇ ਪੱਲੜੇ ਵਿਚ 'ਰਾਮ' ਲਿਖ ਕੇ ਰੱਖਿਆ ਸੀ। ਗਣੇਸ਼ ਨੇ ਧਰਤੀ 'ਤੇ 'ਰਾਮ' ਲਿਖ ਕੇ ਫਿਰ ਉਸ ਦੀ ਪ੍ਰਕਰਮਾ ਕੀਤੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਸਾਨੂੰ ਸਤਿਗੁਰਾਂ ਨੇ ਲਿਖਤ ਰੂਪ ਵਿਚ ਦਿੱਤੇ ਹਨ। ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਹੈ, ਉਹ ਕਿਸੇ ਦੇਹਧਾਰੀ ਵਿਚ ਨਹੀਂ ਹੋ ਸਕਦੀ। ਇਸੇ ਕਰਕੇ ਹੀ ਗੰਗੇਸ਼ਰਾ ਨੰਦ ਨੇ ਹਿੰਦੂਆਂ ਨੂੰ ਕਿਹਾ ਸੀ ਕਿ ਮੰਦਰਾਂ ਵਿਚ ਵੇਦਾਂ ਨੂੰ ਸਥਾਪਤ ਕਰਨ ਦੀ ਰੀਤੀ ਤੋਰਨੀ ਚਾਹੀਦੀ ਹੈ। ਮੂਰਤੀਆਂ ਤੋਂ ਕਿਸੇ ਨੂੰ ਕੀ ਸਿੱਖਿਆ ਮਿਲ ਸਕਦੀ ਹੈ। ਵੇਦਾਂ ਨੂੰ ਪੜ੍ਹ ਕੇ ਕਿਤਨੇ ਲੋਕ ਕਈ ਤਰ੍ਹਾਂ ਦਾ ਲਾਭ ਉਠਾ ਸਕਦੇ ਹਨ।

ਹੀ ਅਵਾਜ਼ਾਂ ਪਕੜਦੇ ਹਨ। ਜਿਹੜੀ ਬੁੱਤ ਆਦਿਕ ਜੜ੍ਹ ਚੀਜ਼ ਹੈ, ਉਹ ਅਕਾਸ਼ ਵਿਚ ਨਹੀਂ ਘੁੰਮ ਸਕਦੀ।

ਇਕ ਵਾਰ ਅਮਰੀਕਾ ਵਾਲਿਆਂ ਨੇ ਚਾਹਿਆ ਕਿ ਜਿਸ ਤਰ੍ਹਾਂ ਈਸਾ ਜੀ ਨੇ ਬਾਈਬਲ ਆਪ ਉਚਾਰਨ ਕੀਤੀ ਹੈ, ਉਹਨਾਂ ਦੀ ਅਵਾਜ਼ ਨੂੰ ਅਕਾਸ਼ ਵਿਚੋਂ ਹੂਬਹੂ ਪਕੜਿਆ ਜਾਵੇ। ਉਹਨਾਂ ਨੇ ਇਕ ਐਸਾ ਯੰਤਰ ਵੀ ਤਿਆਰ ਕੀਤਾ ਸੀ, ਪਰ ਅਕਾਸ਼ ਵਿਚ ਬਹੁਤੀਆਂ ਅਵਾਜ਼ਾਂ ਦਾ ਰੌਲਾ ਹੋਣ ਕਰਕੇ, ਉਹ ਈਸਾ ਜੀ ਦੀ ਅਵਾਜ਼ ਨੂੰ ਵੱਖਰਾ ਕਰ ਕੇ ਨਹੀਂ ਸੁਣ ਸਕੇ।

ਇਹ ਜੋ ਅਵਾਜ਼ਾਂ ਅਕਾਸ਼ ਵਿਚ ਘੁੰਮ ਰਹੀਆਂ ਹਨ, ਇਹ ਸਦੀਵੀ ਹਨ। ਇਹ ਦੁਨੀਆਂ ਦੇ ਅਖ਼ੀਰ ਤਕ ਰਹਿਣਗੀਆਂ। ਦੇਹਧਾਰੀ ਬੰਦਾ ਤੇ ਬੁੱਤ ਆਦਿ ਇਹ ਸਦੀਵੀ ਨਹੀਂ ਹੋ ਸਕਦੇ। ਯਥਾ :-

**ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰ॥**

*[ਸਲੋਕ ਮਹਲਾ ੯, ਅੰਗ-੧੪੨੯]*

ਕਿਸੇ ਸਿਆਣੇ ਬੰਦੇ ਦੇ ਬੋਲੇ ਹੋਏ ਬੋਲ (ਸ਼ਬਦ) ਸਦੀਆਂ ਤਕ ਸਾਡੇ ਕੰਨਾਂ ਵਿਚ ਗੂੰਜਦੇ ਰਹਿੰਦੇ ਹਨ ਕਿ ਫਲਾਣੇ ਸਿਆਣੇ ਪੁਰਖ ਨੇ ਇਹ ਸ਼ਬਦ ਕਹੇ ਸਨ, ਉਹ ਉਸੇ ਤਰ੍ਹਾਂ ਹੀ ਪੂਰੇ ਹੋਏ। ਜਿਸ ਤਰ੍ਹਾਂ ਕਿਸੇ ਵਿਦਵਾਨ ਦਾ ਸਰੀਰ ਸਾਡੇ ਪਾਸੋਂ ਚਲਿਆ ਜਾਂਦਾ ਹੈ, ਪਰ ਉਸ ਦੀਆਂ ਲਿਖਤਾਂ ਫ਼ਿਲਮ ਦੀ ਤਰ੍ਹਾਂ ਸੈਂਕੜੇ ਸਾਲਾਂ ਤਕ ਸਾਡੇ ਅੱਗੋਂ ਦੀ ਲੰਘਦੀਆਂ ਰਹਿੰਦੀਆਂ ਹਨ।

ਜਿਨ੍ਹਾਂ ਅਵਾਜ਼ਾਂ ਨੂੰ ਰੇਡੀਓ ਜਾਂ ਟੈਲੀਫ਼ੋਨਾਂ ਦੁਆਰਾ ਅਕਾਸ਼ ਵਿਚੋਂ ਪਕੜ ਕੇ ਕੋਈ ਗਾਣੇ ਸੁਣਦਾ ਹੈ, ਕੋਈ ਖ਼ਬਰਾਂ ਸੁਣਦਾ ਹੈ, ਕੋਈ ਕਿਸੇ ਨਾਲ ਗੱਲਬਾਤ ਕਰ ਕੇ ਆਪਣੇ ਕਿਤਨੇ ਕਿਤਨੇ ਕੰਮ ਕਰ



ਰਿਹਾ ਹੈ। ਫਿਰ ਦੱਸੋ ਸ਼ਬਦ ਜੜ੍ਹ ਕਿਵੇਂ ਹੋਇਆ ? ਜੜ੍ਹ ਤਾਂ ਪੱਥਰ ਹੁੰਦਾ ਹੈ। ਯਥਾ :-

**ਨ ਪਾਥਰੁ ਬੋਲੈ ਨਾ ਕਿਛੁ ਦੇਇ॥**
**ਫੋਕਟ ਕਰਮ ਨਿਹਫਲ ਹੈ ਸੇਵ॥੨॥**

*[ਭੈਰਉ ਬਾਣੀ ਕਬੀਰ ਜੀ, ਅੰਗ-੧੧੬੦]*

ਜਿਹੜਾ ਸ਼ਬਦ (ਅਵਾਜ਼) ਹੈ, ਇਹ ਕਿਸੇ ਨੂੰ ਵਰ ਵੀ ਦੇ ਸਕਦਾ ਹੈ, ਸਰਾਪ ਵੀ ਦੇ ਸਕਦਾ ਹੈ। ਜਿਸ ਤਰ੍ਹਾਂ ਜੱਜ ਆਪਣੇ ਮੁੱਖੋਂ ਸ਼ਬਦ (ਅਵਾਜ਼) ਬੋਲ ਕੇ ਕਿਸੇ ਨੂੰ ਬਰੀ ਵੀ ਕਰ ਸਕਦਾ ਹੈ, ਫ਼ਾਂਸੀ ਵੀ ਲੁਆ ਸਕਦਾ ਹੈ।

ਦ੍ਰੋਪਤੀ ਦੇ 'ਅੰਧ ਕੇ ਅੰਧ ਰਹੇ' ਸ਼ਬਦ ਕਹਿਣ ਤੋਂ ਹੀ ਮਹਾਂਭਾਰਤ ਦਾ ਮਹਾਨ ਯੁੱਧ ਹੋਇਆ ਸੀ। ਜੜ੍ਹ ਚੀਜ਼ ਐਸਾ ਨਹੀਂ ਕਰ ਸਕਦੀ। ਸ਼ਬਦ ਵਿਚ ਬੜੀ ਭਾਰੀ ਸਮਰੱਥਾ (ਤਾਕਤ) ਹੈ :—

**ਮਧੁਰ ਬਚਨ ਸਮਸਰਿ ਨ ਪੁਜਸਿ ਮਧੁ;**
**ਕਰਕ ਸਬਦ ਸਰਿ ਬਿਖੁ ਨ ਬਿਖਮ ਹੈ॥**
**ਮਧੁਰ ਬਚਨ ਸੀਤਲਤਾ ਮਿਸਟਾਨ ਪਾਨ;**
**ਕਰਕ ਸਬਦ ਸ-ਤਪਤ ਕਟੁ ਕਮ ਹੈ॥**
**ਮਧੁਰ ਬਚਨ ਕੈ ਤ੍ਰਿਪਤਿ ਅਉ ਸੰਤੋਖ ਸਾਂਤਿ;**
**ਕਰਕ ਸਬਦ ਅਸੰਤੋਖ ਦੋਖ ਸ੍ਰਮ ਹੈ॥**
**ਮਧੁਰ ਬਚਨ ਲਗਿ ਅਗਮ ਸੁਗਮ ਹੋਇ;**
**ਕਰਕ ਸਬਦ ਲਗਿ ਸੁਗਮ ਅਗਮ ਹੈ॥੨੫੬॥**

*[ਕਬਿੱਤ ਸ੍ਵੈਯੇ ਭਾਈ ਗੁਰਦਾਸ ਜੀ]*

ਔਰੰਗਜ਼ੇਬ ਨੇ ਪੰਡਿਤ ਦੇ ਲੜਕੇ ਤੋਂ ਗੀਤਾ ਵਿਚ ਇਹ ਸੁਣ ਲਿਆ ਕਿ ਆਪੋ ਆਪਣਾ ਧਰਮ ਸਭ ਨੂੰ ਪਿਆਰਾ ਹੈ। ਬੱਸ ਇਸ ਸ਼ਬਦ ਦੇ ਸੁਣਨ ਦੇ ਅਸਰ ਕਰਕੇ ਹੀ ਉਸ ਨੇ ਕਸ਼ਮੀਰ ਦੇ ਸੂਬੇ ਅਫ਼ਕਨ ਸ਼ੇਰ ਨੂੰ ਪੰਡਿਤਾਂ ਦੇ ਜੰਞੂ ਲਾਹੁਣ ਦਾ ਹੁਕਮ ਦੇ ਦਿੱਤਾ ਸੀ।

ਇਸ ਕਰਕੇ ਸ਼ਬਦ ਹੀ ਸਦੀਵੀ ਹੈ, ਸ਼ਬਦ ਹੀ ਚੇਤਨ ਹੈ ਤੇ ਸ਼ਬਦ ਹੀ ਗੁਰੂ ਹੈ। ਸਤਿਗੁਰੂ ਦਸਮ ਪਾਤਸ਼ਾਹ ਜੀ ਨੇ ਕਿਹਾ ਹੈ :-

**ਗੁਰੂ ਗ੍ਰੰਥ ਜੀ ਮਾਨੀਐ ਪ੍ਰਗਟ ਗੁਰਾਂ ਕੀ ਦੇਹ॥**
**ਜੋ ਪ੍ਰਭ ਕੋ ਮਿਲਯੋ ਚਹੈ ਖੋਜ ਸਬਦ ਮੈ ਲੇਹ॥**

*[ਸਾਖੀ ਕਾਰਨ ਕੀ 'ਚੋਂ]*

ਫਿਰ ਇਹ ਕੌਣ ਹਨ ਕਹਿਣ ਵਾਲੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਨਹੀਂ ਹੋ ਸਕਦੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੂ ਹੋਣ ਬਾਰੇ ਤਾਂ ਕਿਤਨੇ ਤਵਾਰੀਖ਼ਾਂ ਵਾਲਿਆਂ ਤੇ ਹੋਰ ਵੀ ਕਿਤਨੇ ਦਿੱਬ-ਦ੍ਰਿਸ਼ਟੀ ਵਾਲਿਆਂ ਨੇ ਲਿਖਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹੋਣਗੇ ਤੇ ਇਹ ਜਿਹੜੇ ਦੇਹਧਾਰੀ ਗੁਰੂ ਬਣੇ ਬੈਠੇ ਹਨ, ਇਹਨਾਂ ਨੂੰ ਪੁੱਛੋ ਕਿ ਤੁਹਾਡੇ ਗੁਰੂ ਹੋਣ ਬਾਰੇ ਵੀ ਕਿਸੇ ਨੇ ਦੋ ਅੱਖਰ ਲਿਖੇ ਹਨ ? ਕਿ ਐਵੇਂ ਹੀ ਪੂਜਾ ਕਰਵਾਉਣ ਦੀ ਪ੍ਰਵਿਰਤੀ ਵਿਚ ਫਸੇ ਹੋਏ ਆਪੇ ਹੀ ਬਣ ਬਣ ਬੈਠੀ ਜਾਂਦੇ ਹੋ ? ਤੁਸੀਂ ਦੱਸੋ ਕਿ ਤੁਹਾਨੂੰ ਗੁਰੂ ਬਣਨ ਦਾ ਸਰਟੀਫ਼ਿਕੇਟ ਕਿਸ ਨੇ ਦਿੱਤਾ ਹੈ ?

ਇਸ ਕਰਕੇ ਸਾਰੀਆਂ ਸ਼ਕਤੀਆਂ, ਸਾਰੀਆਂ ਯੋਗਤਾਵਾਂ ਸ਼ਬਦ ਵਿਚ, ਨਾਮ ਵਿਚ ਹੀ ਹੋ ਸਕਦੀਆਂ ਹਨ, ਹੋਰ ਕਿਸੇ ਦੇਹਧਾਰੀ ਵਿਚ ਨਹੀਂ। ਯਥਾ :-

**ਸਭ ਵਡਿਆਈਆ ਹਰਿ ਨਾਮ ਵਿਚਿ;**
**ਹਰਿ ਗੁਰਮੁਖਿ ਧਿਆਈਐ॥**
**ਜਿ ਵਸਤੁ ਮੰਗੀਐ ਸਾਈ ਪਾਈਐ;**
**ਜੇ ਨਾਮਿ ਚਿਤੁ ਲਾਈਐ॥**

*[ਬਿਲਾਵਲੁ ਕੀ ਵਾਰ ਮਹਲਾ ੪, ਅੰਗ-੮੫੦]*

ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰਾ ਹੀ ਨਾਮ ਰੂਪ ਹੈ, ਸ਼ਬਦ ਰੂਪ ਹੈ।



ਜਿਹੜੇ ਦੇਹਧਾਰੀ ਆਪਣੇ ਆਪ ਨੂੰ ਚੇਤਨ ਮੰਨਦੇ ਹਨ, ਉਹਨਾਂ ਨੂੰ ਕਹੋ ਕਿ ਤੁਸੀਂ ਸ਼ਬਦ ਨਾ ਬੋਲੋ। ਸ਼ਬਦ ਬੋਲੇ ਤੋਂ ਬਿਨਾਂ ਦੇਹਧਾਰੀ ਵੀ ਇਕ ਥੰਮ੍ਹਲੇ ਵਰਗਾ ਹੀ ਹੋਵੇਗਾ। ਤੁਸੀਂ ਉਸ ਦੀ ਦੇਹ ਤੋਂ ਕੀ ਪੜ੍ਹ ਲਵੋਗੇ। ਸ਼ਬਦ ਬੋਲੇ ਤੋਂ ਬਿਨਾਂ ਉਹ ਤੁਹਾਨੂੰ ਕੀ ਉਪਦੇਸ਼ ਦੇ ਸਕੇਗਾ। ਦੇਹਧਾਰੀ ਵਿਚ ਵੀ ਸ਼ਬਦ ਬੋਲਣ ਦੀ ਹੀ ਵਿਸ਼ੇਸ਼ਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਸਾਰਾ ਹੀ ਸ਼ਬਦ ਰੂਪ ਹੈ।

ਜਿਸ ਤਰ੍ਹਾਂ ਇਕ ਆਦਮੀ ਰਸਤੇ ਵਿਚ ਜਾ ਰਿਹਾ ਸੀ। ਉਸ ਨੂੰ ਬਹੁਤ ਪਿਆਸ ਲੱਗੀ ਹੋਈ ਸੀ। ਉਸ ਨੇ ਦੋ ਘੜੇ ਪਏ ਦੇਖੇ। ਉਸ ਨੇ ਸੋਚਿਆ ਕਿ ਇਹਨਾਂ ਵਿਚ ਪਾਣੀ ਹੋਵੇਗਾ। ਪਰ ਖ਼ਾਲੀ ਘੜੇ ਦੇਖ ਕੇ ਉਹ ਮਾਯੂਸ ਹੋ ਗਿਆ। ਅੱਗੇ ਤੁਰੇ ਜਾਂਦਿਆਂ ਇਕ ਨਲਕਾ ਦੇਖਿਆ। ਉਸ ਨੇ ਸਮਝਿਆ ਕਿ ਇਸ ਵਿਚ ਪਾਣੀ ਹੋਵੇਗਾ, ਉਸ ਵਿਚ ਵੀ ਪਾਣੀ ਨਾ ਦੇਖ ਕੇ ਉਦਾਸ ਹੋ ਗਿਆ। ਘੜਿਆਂ ਵਿਚ ਤੇ ਨਲਕੇ ਵਿਚ ਪਾਣੀ ਦੀ ਹੀ ਵਿਸ਼ੇਸ਼ਤਾ ਹੈ। ਜੇ ਪਾਣੀ ਨਹੀਂ ਤਾਂ ਫਿਰ ਘੜਾ ਤੇ ਨਲਕਾ ਕਿਸ ਕੰਮ ਹੈ। ਇਸੇ ਤਰ੍ਹਾਂ ਹੀ ਦੇਹਧਾਰੀ ਵਿਚ ਵੀ ਸ਼ਬਦ ਬੋਲਣ ਦੀ ਹੀ ਵਡਿਆਈ ਹੈ। ਜੇ ਸ਼ਬਦ ਨਹੀਂ ਬੋਲਦਾ, ਫਿਰ ਤਾਂ ਖ਼ਾਲੀ ਘੜਿਆਂ ਤੇ ਖ਼ਾਲੀ ਨਲਕੇ ਵਰਗਾ ਹੀ ਹੈ। ਫਿਰ ਉਸ ਵਿਚ ਹੋਰ ਕਿਹੜੀ ਵਿਸ਼ੇਸ਼ਤਾ ਹੋ ਸਕਦੀ ਹੈ।

ਜਿਹੜਾ ਦੇਹਧਾਰੀ ਹੈ, ਉਸ ਦੇ ਪਾਸ ਸੀਮਤ (ਥੋੜ੍ਹਾ ਜਿਹਾ) ਹੀ ਗਿਆਨ ਹੋ ਸਕਦਾ ਹੈ। ਸੰਤ ਫਤਹਿ ਸਿੰਘ ਜੀ ਕਿਹਾ ਕਰਦੇ ਸਨ ਕਿ ਹਰ ਬੰਦਾ ਇਕ ਕੰਮ ਵਿਚ ਗਿਆਨੀ ਹੈ ਤੇ ਦੂਜੇ ਵਿਚ ਅਗਿਆਨੀ ਹੈ। ਦੁਨੀਆਂ ਵਿਚ ਕੋਈ ਵੀ ਐਸਾ ਬੰਦਾ ਨਹੀਂ ਹੈ, ਜਿਸ ਨੂੰ ਸਾਰੀਆਂ ਚੀਜ਼ਾਂ ਦਾ ਗਿਆਨ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ :-

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥**

*[ਜਪੁ ਜੀ ਸਾਹਿਬ, ਅੰਗ-੫]*

ਵਰਗਾ ਕਿਤਨਾ ਵਿਸ਼ਾਲ ਗਿਆਨ ਹੈ, ਜਿਸ ਦੀ ਕਿਸੇ ਨੂੰ ਥਾਹ ਵੀ ਨਹੀਂ ਆ ਸਕਦੀ। ਯਥਾ :-

**ਗੁਰੁ ਸਾਗਰੁ ਰਤਨੀ ਭਰਪੂਰੇ ॥**

*[ਧਨਾਸਰੀ ਮਹਲਾ ੧, ਅੰਗ-੬੮੫]*

## ਨਾਮ ਦੀ ਸਮਰੱਥਾ

ਅਖੰਡ ਅਰਥ, ਤਤ ਬੋਧ ਰੂਪ ਨਾਮ ਦਾ ਭਾਵੇਂ ਸੂਖ਼ਮ ਰੂਪ ਹੈ, ਪਰ ਇਸ ਵਿਚ ਤਾਕਤ, ਸਮਰਥਾ, ਸ਼ਕਤੀ ਬੜੀ ਭਾਰੀ ਹੈ। ਦੁਨੀਆਂ ਵਿਚ ਬੜੇ ਬੜੇ ਪੀਰ ਪੈਗੰਬਰ ਤੇ ਅਵਤਾਰ ਹੋਏ ਹਨ। ਪਰ ਅੱਜ ਤੱਕ ਕਿਸੇ ਨੇ ਵੀ ੧੮ ਨਰਕ ਖ਼ਾਲੀ ਨਹੀਂ ਕਰਵਾਏ। ਨਾਮ ਜਪ ਕੇ ਜਨਕ ਨੇ ਹੀ ਖ਼ਾਲੀ ਕਰਵਾਏ ਸਨ। ਯਥਾ :—

**ਪਾਸੰਗਿ ਪਾਪੁ ਨ ਪੁਜਨੀ;**
**ਗੁਰਮੁਖਿ ਨਾਉ ਅਤੁਲ ਨ ਤੁਲਾਸੀ।**
**ਨਰਕਹੁ ਛੁਟੇ ਜੀਅ ਜੰਤ;**
**ਕਟੀ ਗਲਹੁ ਸਿਲਕ ਜਮ ਫਾਸੀ।**

*[ਭਾਈ ਗੁਰਦਾਸ ਜੀ, ਵਾਰ-੧੦, ਪਉੜੀ-੫]*

ਸ੍ਰੀ ਰਾਮ ਚੰਦ੍ਰ ਜੀ ਨੇ ਨਾਮ ਦੀ ਵਡਿਆਈ ਦਰਸਾਉਣ ਵਾਸਤੇ ਹੀ ਰਾਮ ਦਾ ਨਾਮ ਲਿਖ ਕੇ ਪੱਥਰ ਤਾਰੇ ਸਨ। ਭਾਵ ਸੀ ਕਿ ਨਾਮ ਸਦਾ ਰਹਿਣ ਵਾਲੀ ਚੀਜ਼ ਹੈ। ਅਵਤਾਰਾਂ ਦੀਆਂ ਦੇਹਾਂ ਸਦਾ ਨਹੀਂ ਰਹਿ ਸਕਦੀਆਂ ਤੇ ਨਾਮ ਦੇ ਬਰਾਬਰ ਨਹੀਂ ਹੋ ਸਕਦੀਆਂ। ਯਥਾ :-

**ਨਾਮ ਤੁਲਿ ਕਛੁ ਅਵਰੁ ਨ ਹੋਇ ॥**

*[ਗਉੜੀ ਸੁਖਮਨੀ ਮਃ ੫, ਅੰਗ-੨੬੫]*

ਇਕ ਵਾਰ ਕ੍ਰਿਸ਼ਨ ਜੀ ਨੂੰ ਤੱਕੜ ਦੇ ਇਕ ਪਾਸੇ ਬਿਠਾਇਆ, ਦੂਜੇ ਪਾਸੇ ਤੁਲਸੀ ਦੇ ਪੱਤੇ 'ਤੇ 'ਰਾਮ' ਲਿਖ ਕੇ ਰੱਖ ਦਿੱਤਾ। ਕ੍ਰਿਸ਼ਨ



ਜੀ ਵਾਲਾ ਪੱਲੜਾ ਉੱਚਾ ਤੇ ਨਾਮ ਵਾਲਾ ਪੱਲੜਾ ਭਾਰੀ ਹੋ ਗਿਆ ਸੀ। ਜੇ ਕੋਈ ਇਸ 'ਤੇ ਸ਼ੰਕਾ ਕਰੇ ਕਿ ਦੋ ਅੱਖਰਾਂ ਦਾ ਭਾਰ ਕ੍ਰਿਸ਼ਨ ਜੀ ਨਾਲੋਂ ਭਾਰਾ ਕਿਵੇਂ ਹੋ ਸਕਦਾ ਹੈ? ਸਾਡੇ ਸਾਹਮਣੇ ਹੈ, ਜਿਸ ਤਰ੍ਹਾਂ ਬਿਜਲੀ ਦਾ ਕੋਈ ਵੀ ਰੂਪ ਰੰਗ ਨਹੀਂ ਹੈ, ਉਹ ਸੂਖ਼ਮ ਹੈ, ਪਰ ਉਸ ਵਿਚ ਤਾਕਤ ਦੇਖੋ ਕਿਤਨੀ ਹੈ। ਜਦੋਂ ਬਿਜਲੀ ਆ ਜਾਂਦੀ ਹੈ ਤਾਂ ਉਦੋਂ ਕਿਵੇਂ ਵੱਡੇ ਵੱਡੇ ਕਾਰਖ਼ਾਨਿਆਂ ਦਾ, ਮੋਟਰਾਂ ਦਾ ਤੇ ਹੋਰ ਅਨੇਕਾਂ ਚੀਜ਼ਾਂ ਦਾ ਘੁਘਾਟ ਬੰਨ੍ਹ ਦਿੰਦੀ ਹੈ, ਪਰ ਅਕਾਰ ਕੋਈ ਨਹੀਂ ਹੈ।

ਇਸੇ ਤਰ੍ਹਾਂ ਹੀ ਹਵਾ ਦਾ ਵੀ ਕੋਈ ਅਕਾਰ ਨਹੀਂ ਹੈ, ਸੂਖ਼ਮ ਰੂਪ ਹੈ, ਪਰ ਜਦੋਂ ਝੱਖੜ ਝੁੱਲਦਾ ਹੈ, ਉਦੋਂ ਕਿੱਡੇ ਕਿੱਡੇ ਮੋਟੇ ਲੋਹੇ ਦੇ ਗਾਡਰਾਂ ਨੂੰ ਵੀ ਉਹ ਤੁਫ਼ਾਨ ਕਮਾਨ ਦੀ ਤਰ੍ਹਾਂ ਵਿੰਗੇ ਕਰ ਕੇ ਫਰਲਾਂਗਾਂ ਤਕ ਚੁੱਕ ਕੇ ਮਾਰਦਾ ਹੈ। ਸਲੰਡਰਾਂ ਵਿਚ ਹਵਾ ਹੀ ਭਰੀ ਹੁੰਦੀ ਹੈ, ਜੇ ਫਟ ਜਾਵੇ ਤਾਂ ਬਹੁਤ ਨੁਕਸਾਨ ਕਰ ਦਿੰਦਾ ਹੈ। ਭੁਚਾਲ ਦਾ ਵੀ ਕੋਈ ਅਕਾਰ ਨਹੀਂ ਹੈ, ਸੂਖ਼ਮ ਹੈ, ਪਰ ਜਦੋਂ ਭੁਚਾਲ ਆਉਂਦਾ ਹੈ, ਸ਼ਹਿਰਾਂ ਦੇ ਸ਼ਹਿਰ ਮਿੰਟਾਂ-ਸਕਿੰਟਾਂ ਵਿਚ ਹੀ ਢਹਿ-ਢੇਰੀ ਕਰ ਦਿੰਦਾ ਹੈ। ਜੋ ਬੰਦੇ ਦੇ ਅੰਦਰ ਵੀ ਚੇਤਨ ਸੱਤਾ ਹੈ, ਉਸ ਦਾ ਵੀ ਸੂਖ਼ਮ ਰੂਪ ਹੈ।

ਇਕ ਵਾਰ ਅਮਰੀਕਾ ਵਾਲਿਆਂ ਨੇ ਸ਼ੀਸ਼ਿਆਂ ਦੀ ਪੇਟੀ ਪੂਰੀ ਫਿਟ ਬਣਾ ਕੇ ਉਸ ਵਿਚ ਇਕ ਮਰਨ ਵਾਲਾ ਬੰਦਾ ਪਾ ਦਿੱਤਾ ਕਿ ਦੇਖੀਏ ਇਸ ਵਿਚੋਂ ਕਿਹੜੀ ਚੀਜ਼ ਨਿਕਲਦੀ ਹੈ। ਜਿਸ ਤੋਂ ਬਿਨਾਂ ਬੰਦਾ '.....**ਚਹੁ ਜਣਿਆ ਦੈ ਕੰਨਿ੍ ॥**' ਜਾਂਦਾ ਹੈ ਤੇ ਜਿਸ ਦੇ ਸਰੀਰ ਵਿਚ ਹੁੰਦਿਆਂ ਬੰਦਾ ਕਿਤਨਾ ਕਿਤਨਾ ਭਾਰ ਚੁੱਕਦਾ ਹੈ, ਜਿਸ ਦੀ ਤਾਕਤ ਦਾ ਵੀ ਅੰਦਾਜ਼ਾ ਲਾਉਣਾ ਔਖਾ ਹੋ ਜਾਂਦਾ ਹੈ। ਤਾਂ ਉਸ ਬੰਦੇ ਦੇ ਮਰਨ ਤੋਂ ਉਸ ਵਿਚੋਂ ਇਕ ਹਰਾ ਜਿਹਾ ਧੂਆਂ ਨਿਕਲਿਆ। ਪਹਿਲਾਂ ਤਾਂ ਉਸ ਨੇ ਉਸ ਬੰਦੇ ਦੇ ਦੁਆਲੇ ਗੇੜਾ

ਦਿੱਤਾ, ਫਿਰ ਪੈਰਾਂ ਵਾਲੇ ਪਾਸੇ ਥੋੜ੍ਹਾ ਜਿਹਾ ਖਲੋ ਕੇ ਪੈਸੇ ਕੁ ਜਿੰਨਾ ਸ਼ੀਸ਼ਾ ਭੰਨ ਕੇ ਬਾਹਰ ਨਿਕਲ ਗਿਆ। ਇਸੇ ਤਰ੍ਹਾਂ ਹੀ ਨਾਮ ਦਾ ਭਾਵੇਂ ਸੂਖ਼ਮ ਰੂਪ ਹੈ, ਪਰ ਇਸ ਵਿਚ ਤਾਕਤ (ਸਮਰੱਥਾ) ਉਪਰੋਕਤ ਉਦਾਹਰਣਾਂ ਮੁਤਾਬਕ ਬੜੀ ਭਾਰੀ ਹੈ।

ਰਾਮ ਦੇ ਜਾਪ ਵਿਚ ਕਿਤਨੀ ਸ਼ਕਤੀ ਹੈ। ਜਿਸ ਰੱਬ ਦਾ ਕੋਈ ਰੂਪ ਰੰਗ ਨਹੀਂ ਹੈ, ਉਹ ਧੰਨੇ ਭਗਤ ਵਾਂਗ ਜਾਪ ਕਰਨ ਵਾਲੇ ਨੂੰ ਆ ਕੇ ਦਰਸ਼ਨ ਹੀ ਨਹੀਂ ਦਿੰਦਾ, ਬਲਕਿ ਉਸ ਦੇ ਹਲ ਤੇ ਹਲਟ ਵੀ ਹੱਕਦਾ ਹੈ। ਗਊਆਂ ਚਾਰਨ ਦੇ ਸਮੇਤ ਹੋਰ ਵੀ ਕਈ ਕੰਮ ਕਰਦਾ ਹੈ। ਭਗਤ ਤ੍ਰਿਲੋਚਨ ਦੇ ਘਰ ਤੇਰਾਂ ਮਹੀਨੇ ਗੋਲਾ ਬਣ ਕੇ ਸੇਵਾ ਕਰਦੇ ਰਹੇ ਸਨ। ਇਥੋਂ ਤੱਕ ਵੀ ਕਿਹਾ ਹੈ :-

**ਮੇਰੀ ਬਾਂਧੀ ਭਗਤੁ ਛਡਾਵੈ;**
**ਬਾਂਧੈ ਭਗਤੁ ਨ ਛੂਟੈ ਮੋਹਿ ॥**
**ਏਕ ਸਮੈ ਮੋ ਕਉ ਗਹਿ ਬਾਂਧੈ:**
**ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥**

*[ਸਾਰੰਗ ਬਾਣੀ ਨਾਮਦੇਉ ਜੀ ਕੀ, ਅੰਗ-੧੨੫੨-੫੩]*

ਦੇਹਧਾਰੀ ਗੁਰੂ ਬਣੇ ਹੋਏ ਤਾਂ ਜਿਥੇ ਬੈਠੇ ਹਨ, ਉਥੇ ਹੀ ਇਕ ਜਗ੍ਹਾ ਬੈਠੇ ਹਨ। ਨਾਮ ਦਾ ਭਾਵੇਂ ਸੂਖ਼ਮ ਰੂਪ ਹੈ, ਪਰ ਨਾਮ ਹੈ ਸਾਰੇ ਵਿਆਪਕ। ਜਦੋਂ ਗਣੇਸ਼ ਨੇ ਨਾਮ ਨੂੰ ਸਾਰੇ ਵਿਆਪਕ ਜਾਣ ਕੇ ਧਰਤੀ 'ਤੇ ਲਿਖੇ ਨਾਮ ਦੀ ਚੂਹੇ 'ਤੇ ਚੜ੍ਹ ਕੇ ਪ੍ਰਕਰਮਾ ਕੀਤੀ ਤਾਂ ਸਾਰੀ ਧਰਤੀ ਦੀ ਪ੍ਰਕਰਮਾ ਹੋ ਗਈ ਸੀ। ਕੀ ਕਿਸੇ ਦੇਹਧਾਰੀ ਗੁਰੂ ਬਣੇ ਦੀ ਪ੍ਰਕਰਮਾ ਕਰਨ ਨਾਲ ਵੀ ਸਾਰੀ ਧਰਤੀ ਦੀ ਪ੍ਰਕਰਮਾ ਹੋ ਸਕਦੀ ਹੈ ? ਜੇ ਨਹੀਂ, ਤਾਂ ਫਿਰ ਸਿੱਧੇ ਹੋ ਕੇ ਮੰਨੋ ਕਿ :-

**ਨਾਮ ਤੁਲਿ ਕਛੁ ਅਵਰੁ ਨ ਹੋਇ ॥**

*[ਗਉੜੀ ਸੁਖਮਨੀ ਮਃ ੫, ਅੰਗ-੨੬੫]*



ਸਤਿਗੁਰੂ ਨਾਨਕ ਦੇਵ ਜੀ ਨੇ ਵੀ ਨਾਮ ਦੀ ਸਮਰੱਥਾ ਬਾਰੇ ਕਿਹਾ ਹੈ :-

**ਸ਼ਬਦੰ ਸ਼ਬਦ ਕੀਆ ਪ੍ਰਗਾਸ ॥** *[ਪ੍ਰਾਣ ਸੰਗਲੀ]*

ਜਿਤਨਾ ਵੀ ਇਹ 'ਸ਼ਬਦ' ਸੰਸਾਰ ਦਾ ਪਸਾਰਾ ਹੈ। ਇਹ ਸਾਰਾ ਸ਼ਬਦ ਤੋਂ ਹੀ ਬਣਿਆ ਹੈ। ਯਥਾ :-

੧. **ਕੀਤਾ ਪਸਾਉ ਏਕੋ ਕਵਾਉ ॥**
**ਤਿਸ ਤੇ ਹੋਏ ਲਖ ਦਰੀਆਉ ॥**

*[ਜਪੁ ਜੀ ਸਾਹਿਬ, ਅੰਗ-੩]*

੨. **ਓਅੰਕਾਰਿ ਬ੍ਰਹਮਾ ਉਤਪਤਿ ॥**
**ਓਅੰਕਾਰੁ ਕੀਆ ਜਿਨਿ ਚਿਤਿ ॥**
**ਓਅੰਕਾਰਿ ਸੈਲ ਜੁਗ ਭਏ ॥**
**ਓਅੰਕਾਰਿ ਬੇਦ ਨਿਰਮਏ ॥**

*[ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਅੰਗ-੯੨੯]*

੩. **ਪ੍ਰਿਥਮੈ ਓਅੰਕਾਰ ਤਿਨ ਕਹਾ ॥**
**ਸੋ ਧੁਨ ਪੂਰ ਜਗਤ ਮੋ ਰਹਾ ॥**

*[ਦਸਮ ਗ੍ਰੰਥ, ਅੰਗ-੧੫੮]*

ਵੇਦਾਂਤ ਮਤਿ ਵਾਲੇ ਵੀ ਕਹਿੰਦੇ ਹਨ ਕਿ ਜਦੋਂ ਰੱਬ ਨੇ 'ਏਕੋ ਹੂੰ ਬਹੁ ਸਿਆਮਾ ਪ੍ਰਜਾ ਜਾਯਤੇ' ਕਿਹਾ ਤਾਂ ਸਾਰੀ ਸ੍ਰਿਸ਼ਟੀ ਬਣ ਗਈ।

ਕੁਰਾਨ ਵਿਚ ਵੀ ਲਿਖਿਆ ਹੈ ਕਿ ਜਦੋਂ ਖ਼ੁਦਾ ਨੇ 'ਕੁਨ' ਸ਼ਬਦ ਕਿਹਾ ਤਾਂ ਸਾਰੀ ਸ੍ਰਿਸ਼ਟੀ ਬਣ ਗਈ।

ਕਵੀ ਭਾਈ ਸੰਤੋਖ ਸਿੰਘ ਜੀ ਵੀ ਲਿਖਦੇ ਹਨ :

**ਨਾਮਹਿ ਤੇ ਸਭਿ ਕੁਛ ਬਨਯੋ;**
**ਖੰਡ ਬ੍ਰਹਮੰਡ ਸਰੀਰ।**

੩. ਪੁਤ੍ਰ ਹੇਤਿ ਨਾਰਾਇਣੁ ਕਹਿਓ;
ਜਮ ਕੰਕਰ ਮਾਰਿ ਬਿਦਾਰੇ ॥੧॥

*[ਮਾਰੂ ਮਹਲਾ ੫, ਅੰਗ-੯੯੯]*

੪. ਗਨਿਕਾ ਉਧਰੀ ਹਰਿ ਕਹੈ ਤੋਤ ॥

*[ਬਸੰਤੁ ਮਹਲਾ ੫, ਅੰਗ-੧੧੯੨]*

੫. ਹਰਿ ਹਰਿ ਕਰਤ ਪੂਤਨਾ ਤਰੀ ॥
ਬਾਲ ਘਾਤਨੀ ਕਪਟਹਿ ਭਰੀ ॥

*[ਰਾਗੁ ਗੋਂਡ ਬਾਣੀ ਨਾਮਦੇਉ ਜੀਉ ਕੀ, ਅੰਗ-੮੭੪]*

੬. ਨਾਮੇ ਉਧਰੇ ਸਭਿ ਜਿਤਨੇ ਲੋਅ ॥

*[ਭੈਰਉ ਮਹਲਾ ੩, ਅੰਗ-੧੧੨੯]*

ਜਨਕ ਰਾਜੇ ਨੇ ੧੮ ਨਰਕਾਂ ਦੇ ਜੀਵ ਨਾਮ ਜਪ ਕੇ ਤਾਰ ਦਿੱਤੇ :–

ਪਾਸੰਗਿ ਪਾਪੁ ਨ ਪੁਜਨੀ;
ਗੁਰਮੁਖਿ ਨਾਉ ਅਤੁਲ ਨ ਤੁਲਾਸੀ।
ਨਰਕਹੁ ਛੁਟੇ ਜੀਅ ਜੰਤ;
ਕਟੀ ਗਲਹੁ ਸਿਲਕ ਜਮ ਫਾਸੀ।

*[ਭਾਈ ਗੁਰਦਾਸ ਜੀ, ਵਾਰ-੧੦, ਪਉੜੀ-੫]*

ਸ੍ਰੀ ਰਾਮ ਚੰਦ੍ਰ ਜੀ ਨੇ ਰਾਮ ਲਿਖ ਕੇ ਪੱਥਰ ਤਾਰ ਦਿੱਤੇ ਸਨ :–

ਸਰੁਵਰ ਪਰ ਗਿਰਿਵਰ ਧਰਿ ਭਾਰੇ।
ਤਰੁਵਰ ਕੇ ਪਾਤਨਿ ਸਮ ਤਾਰੇ ॥੫੮॥

*[ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ ਅਧਯਾਯ-੧, ਜਿਲਦ-੨. ਪੰਨਾ-੮੯]*

ਇਹ ਜਿਹੜੇ ਲੋਕ ਆਪਣੇ ਆਪ ਨੂੰ ਦੇਹਧਾਰੀ ਗੁਰੂ ਕਹਾਉਂਦੇ ਹਨ, ਇਹ ਛੋਟਾ ਜਿਹਾ ਰੋੜਾ ਹੀ ਤਾਰ ਕੇ ਦਿਖਾਉਣ, ਇਤਨੇ ਨਾਲ ਹੀ ਇਹਨਾਂ ਦੀ ਤਾਕਤ ਦਾ ਪਤਾ ਲੱਗ ਜਾਵੇਗਾ।



ਨਾਮ ਦੇ ਬਰਾਬਰ ਤਾਂ ਅਵਤਾਰਾਂ ਦੀਆਂ ਦੇਹਾਂ ਵੀ ਨਹੀਂ ਹੋ ਸਕਦੀਆਂ, ਇਹ ਆਪੇ ਬਣੇ ਗੁਰੂ ਤਾਂ ਭਲਾ ਕਿਹੜੇ ਬਾਗ ਦੀ ਮੂਲੀ ਹਨ। ਕ੍ਰਿਸ਼ਨ ਜੀ ਨੂੰ ਤੋਲਣ ਵੇਲੇ ਨਾਮ ਦਾ ਪੱਲੜਾ ਭਾਰੀ ਰਿਹਾ ਸੀ। ਨਾਮ ਤਾਂ ਇਕ ਤਰ੍ਹਾਂ ਨਾਲ ਨਾਮੀ ਤੋਂ ਵੀ ਵੱਡਾ ਹੈ। ਨਾਮੀ (ਪਰਮਾਤਮਾ) ਸਭ ਦੇ ਅੰਦਰ ਰਹਿੰਦਾ ਹੈ। ਯਥਾ :–

ਘਟਿ ਘਟਿ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥

*[ਸਲੋਕ ਮਹਲਾ ੯, ਅੰਗ-੧੪੨੭]*

ਉਸ ਦੇ ਅੰਦਰ ਹੁੰਦੇ ਹੋਇਆਂ ਵੀ ਕੋਈ ਦੁਖੀ ਹੋ ਰਿਹਾ ਹੈ, ਕੋਈ ਨਰਕਾਂ ਨੂੰ ਜਾ ਰਿਹਾ ਹੈ। ਜੇ ਨਾਮ ਜਪ ਲਵੇ, ਫਿਰ ਨਾਮ ਜਪਣ ਵਾਲਾ ਆਪ ਹੀ ਸੁਖੀ ਨਹੀਂ ਹੁੰਦਾ, ਦੂਜਿਆਂ ਨੂੰ ਵੀ ਸੁਖੀ ਕਰਦਾ ਹੈ। ਜਿਵੇਂ ਲੋਈ ਨੇ ਨਾਮ ਕਹਾ ਕੇ ਕੋਹੜੀ ਦਾ ਕੋਹੜ ਮੇਟ ਦਿੱਤਾ ਸੀ। ਉਹ ਆਪ ਹੀ ਨਹੀਂ ਤਰਦਾ, ਸਗੋਂ ਉਸ ਦਾ ਜੀਵਨ ਜਹਾਜ਼ ਵਰਗਾ ਹੁੰਦਾ ਹੈ, ਉਹ ਹੋਰ ਵੀ ਅਨੇਕਾਂ ਨੂੰ ਤਾਰ ਦਿੰਦਾ ਹੈ। ਯਥਾ :–

੧. ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥੨॥

*[ਸੋਰਠਿ ਮਹਲਾ ੫, ਅੰਗ-੬੦੮]*

੨. ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥

*[ਭੈਰਉ ਮਹਲਾ ੩, ਅੰਗ-੧੧੩੩]*

## ਸ਼ਬਦ ਹੀ ਚੇਤਨ ਤੇ ਸਦੀਵੀ ਹੈ

ਸ਼ਬਦ ਚੇਤਨ ਵੀ ਹੈ ਤੇ ਸਦੀਵੀ ਵੀ ਹੈ। ਦੁਨੀਆਂ ਵਿਚ ਜੋ ਵੀ ਬੋਲਚਾਲ ਹੋ ਰਹੀ ਹੈ, ਇਹ ਸਾਰੀਆਂ ਅਵਾਜ਼ਾਂ ਅਕਾਸ਼ ਵਿਚ ਘੁੰਮ ਰਹੀਆਂ ਹਨ। ਰੇਡੀਓ ਵਾਲੇ ਟੈਲੀਵਿਜ਼ਨਾਂ ਵਾਲੇ, ਟੈਲੀਫ਼ੋਨਾਂ ਵਾਲੇ, ਵਾਇਰਲੈੱਸਾਂ ਵਾਲੇ, ਮੋਬਾਇਲ ਫ਼ੋਨਾਂ ਵਾਲੇ ਇਹ ਸਾਰੇ ਅਕਾਸ਼ ਵਿਚੋਂ

ਸੁਣ ਕੇ ਲੜਕੇ ਨੇ ਕਿਹਾ, "ਮਾਤਾ ਜੀ! ਪਿਤਾ ਜੀ ਆ ਗਏ ਹਨ।" ਮਾਤਾ ਨੇ ਕਿਹਾ, "ਤੂੰ ਦੇਖਿਆ ਹੈ?" ਲੜਕਾ ਕਹਿੰਦਾ, "ਅਵਾਜ਼ ਆਉਂਦੀ ਹੈ।" ਇਸੇ ਤਰ੍ਹਾਂ ਹੀ ਦੋ ਬੰਦੇ ਅੰਦਰ ਪਏ ਸਨ। ਇਕ ਕਹਿੰਦਾ ਬਾਹਰ ਵਰਖਾ ਪੈਂਦੀ ਹੈ, ਦੂਜੇ ਨੇ ਕਿਹਾ, "ਤੂੰ ਦੇਖਿਆ ਹੈ?" ਉਹ ਕਹਿੰਦਾ, "ਵਰਖਾ ਪੈਣ ਦੀ ਅਵਾਜ਼ ਆਉਂਦੀ ਹੈ।" ਅੱਗੇ ਰਸਤੇ ਵਿਚ ਦੋ ਬੰਦੇ ਤੁਰੇ ਜਾਂਦੇ ਸਨ। ਇਕ ਕਹਿੰਦਾ, "ਅੱਗੇ ਦਰਿਆ ਵਗਦਾ ਹੈ।" ਦੂਜਾ ਕਹਿੰਦਾ, "ਤੂੰ ਦੇਖਿਆ ਹੈ?" ਕਹਿੰਦਾ, "ਪਾਣੀ ਦੇ ਚੱਲਣ ਦੀ ਅਵਾਜ਼ ਆ ਰਹੀ ਹੈ।" ਅੱਗੇ ਤੁਰੇ ਜਾਂਦਿਆਂ ਤੋਂ ਸ਼ੇਰ ਗੱਜਿਆ, ਇਕ ਕਹਿੰਦਾ, "ਸ਼ੇਰ ਹੈ।" ਦੂਜਾ ਕਹਿੰਦਾ, "ਤੂੰ ਦੇਖਿਆ ਹੈ?" ਉਹ ਕਹਿੰਦਾ, "ਗੱਜਣ ਦੀ ਅਵਾਜ਼ ਆਉਂਦੀ ਹੈ।"

ਇਸ ਕਰਕੇ ਸ਼ਬਦ ਨੂੰ ਹੀ ਗਿਆਨ ਦਾ ਅਸਲ ਕਾਰਨ ਮੰਨਿਆ ਗਿਆ ਹੈ। ਸ਼ਬਦ ਹੀ ਗਿਆਨ ਦੇ ਸਕਦਾ ਹੈ। ਸ਼ਬਦ ਹੀ ਚੇਤਨ ਹੈ, ਸ਼ਬਦ ਹੀ ਸਦੀਵੀ ਹੈ। ਸ਼ਬਦ ਵਿਚ ਹੀ ਬੜੀ ਭਾਰੀ ਸ਼ਕਤੀ ਹੈ। ਬੁੱਤ ਨਾ ਕਿਸੇ ਨੂੰ ਗਿਆਨ ਦੇ ਸਕਦਾ ਹੈ, ਨਾ ਹੀ ਬੁੱਤ ਸਦੀਵੀ ਹੋ ਸਕਦਾ ਹੈ, ਨਾ ਹੀ ਬੁੱਤ ਚੇਤਨ ਹੋ ਸਕਦਾ ਹੈ, ਨਾ ਹੀ ਬੁੱਤ ਕੋਈ ਕੁਝ ਪੜ੍ਹ ਸਕਦਾ ਹੈ, ਨਾ ਹੀ ਬੁੱਤ ਵਿਚ ਕੋਈ ਸ਼ਕਤੀ ਹੁੰਦੀ ਹੈ, ਨਾ ਹੀ ਬੁੱਤ ਕਿਸੇ ਦਾ ਗੁਰੂ ਹੋ ਸਕਦਾ ਹੈ ਅਤੇ ਨਾ ਹੀ ਬੁੱਤ ਕਿਸੇ ਦੀਆਂ ਕੋਈ ਕਾਮਨਾਂ ਪੂਰੀਆਂ ਕਰ ਸਕਦਾ ਹੈ।

ਕਲਪਬਰ ਕਲਪਨਾਂ ਹੀ ਪੂਰੀਆਂ ਕਰ ਸਕਦਾ ਹੈ, ਕਾਮਧੇਨ ਮਨ ਦੀਆਂ ਕਾਮਨਾਵਾਂ ਹੀ ਪੂਰੀਆਂ ਕਰ ਸਕਦੀ ਹੈ, ਚਿੰਤਾਮਣੀ ਮਨ ਦੀਆਂ ਚਿਤਵਣੀਆਂ ਹੀ ਪੂਰੀਆਂ ਕਰ ਸਕਦੀ ਹੈ, ਇਹਨਾਂ ਤਿੰਨਾਂ ਵਿਚੋਂ ਹੀ ਮੁਕਤੀ ਤੇ ਗਿਆਨ ਕੋਈ ਨਹੀਂ ਦੇ ਸਕਦਾ। ਪਰ ਗੁਰ ਸ਼ਬਦ ਦੀ ਕਮਾਈ ਕਰਨ ਨਾਲ ਮੁਕਤੀ ਵੀ ਤੇ ਗਿਆਨ ਦੀ ਵੀ ਪ੍ਰਾਪਤੀ ਹੋ ਜਾਂਦੀ ਹੈ। ਇਸ ਕਰਕੇ ਸਾਰਿਆਂ ਨੇ ਸ਼ਬਦ ਨੂੰ ਹੀ ਗੁਰੂ ਮੰਨਿਆ ਹੈ।



# ਗੁਰਬਾਣੀ ਦੇ ਗੁਰੂ ਰੂਪ ਹੋਣ ਦਾ ਪ੍ਰਚਾਰ ਕਦੋਂ ਤੋਂ?

'ਪੁਰਖ ਗੁਰੂ' ਕਿਤਾਬ ਵਿਚ ਮੋਹਰ ਸਿੰਘ ਕੂਕੇ ਨੇ ਲਿਖਿਆ ਹੈ ਕਿ ੧੮੭੨ ਈਸਵੀ ਨੂੰ ਬਾਬਾ ਰਾਮ ਸਿੰਘ ਜੀ ਦੇ ਜਲਾਵਤਨ ਹੋਣ ਤੋਂ ਬਾਅਦ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦਾ ਪ੍ਰਚਾਰ ਆਰੰਭ ਹੋਇਆ ਹੈ। ਆਪੇ ਗੁਰੂ ਬਣਨ ਦੀ ਹਵਸ਼ ਨੇ ਇਹਨਾਂ ਦੇ ਹੋਸ਼ ਹੀ ਗੁੰਮ ਕਰ ਛੱਡੇ ਹਨ। ਜਿਹੜੇ ਇਹ ਗੱਲ ਵੀ ਭੁੱਲ ਗਏ ਹਨ ਕਿ ੧੮੭੨ ਤੋਂ ਹੀ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਚਾਰ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਕੀਤਾ ਜਾਂਦਾ ਰਿਹਾ ਹੈ।

ਜਦੋਂ ਰਾਵੀ ਵਾਲੇ ਕਰਤਾਰਪੁਰ ਸਾਹਿਬ ਵਿਚ ਸੰਗਤਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਸ ਆ ਕੇ ਬੇਨਤੀ ਕੀਤੀ ਕਿ ਅਸੀਂ ਤਾਂ ਆਪ ਜੀ ਦੇ ਪਵਿੱਤਰ ਦਰਸ਼ਨ ਕਰ ਕੇ ਮੁਕਤ ਹੋ ਜਾਵਾਂਗੇ, ਸਾਡੀਆਂ ਆਉਣ ਵਾਲੀਆਂ ਕੁਲਾਂ ਦਾ ਉਧਾਰ ਕਿਵੇਂ ਹੋਵੇਗਾ? ਕਿਰਪਾ ਕਰਕੇ ਇਸ ਦਾ ਕੋਈ ਉਪਾਅ ਦੱਸੋ। ਤਾਂ ਉਸ ਵੇਲੇ ਗੁਰੂ ਨਾਨਕ ਦੇਵ ਜੀ ਨੇ ਕਿਹਾ, "ਸੰਗਤ ਜੀ! ਕਿਸੇ ਵੀ ਕਿਸਮ ਦਾ ਮਨ ਵਿਚ ਸੰਸਾ ਤੇ ਫ਼ਿਕਰ ਨਾ ਕਰੋ। ਅਸੀਂ ਧੁਰ ਕੀ ਬਾਣੀ ਦਾ ਉਚਾਰਨ ਕਰ ਰਹੇ ਹਾਂ, ਜੋ ਰਹਿੰਦੀ ਦੁਨੀਆਂ ਤੱਕ ਰਹੇਗੀ।" ਯਥਾ:-

੧. **ਬਾਣੀ ਗੁਰੂ ਗੁਰੂ ਹੈ ਬਾਣੀ;**
**ਵਿਚਿ ਬਾਣੀ ਅੰਮ੍ਰਿਤੁ ਸਾਰੇ॥**
**ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ;**
**ਪਰਤਖਿ ਗੁਰੂ ਨਿਸਤਾਰੇ॥੫॥**

*[ਨਟ ਮਹਲਾ ੪, ਅੰਗ-੯੮੨]*

੨. **ਹਰਿ ਹਰਿ ਕਰਤ ਪੂਤਨਾ ਤਰੀ ॥**
**ਬਾਲ ਘਾਤਨੀ ਕਪਟਹਿ ਭਰੀ ॥**

*[ਰਾਗੁ ਗੋਂਡ ਬਾਣੀ ਨਾਮਦੇਉ ਜੀਉ ਕੀ, ਅੰਗ-੮੭੪]*

੩. **ਗਨਿਕਾ ਉਧਰੀ ਹਰਿ ਕਹੈ ਤੋਤ ॥**

*[ਬਸੰਤੁ ਮਹਲਾ ੫, ਅੰਗ-੧੧੯੨]*

੪. **ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥**

*[ਸੋਰਠਿ ਮਹਲਾ ੯, ਅੰਗ-੬੩੨]*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਮ ਜਪਣ ਦਾ ਹੀ ਉਪਦੇਸ਼ ਦਿੱਤਾ ਹੋਇਆ ਹੈ। ਯਥਾ :—

**ਰਾਮ ਜਪਉ ਜੀਅ ਐਸੇ ਐਸੇ ॥**
**ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥**

*[ਗਉੜੀ ਕਬੀਰ ਜੀ, ਅੰਗ-੩੩੭]*

ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰਾ ਹੀ ਨਾਮ ਰੂਪ ਹੈ, ਇਸ ਤੋਂ ਬਿਨਾਂ ਹੋਰ ਕਿਹੜਾ ਨਾਮ ਦੇ ਕੇ ਤੁਸੀਂ ਲੋਕਾਂ ਨੂੰ ਤਾਰੋਗੇ ? ਜਿਨ੍ਹਾਂ ਨੂੰ ਇਹ ਨਾਮ ਦਿੰਦੇ ਹਨ, ਨਾਲ ਹੀ ਉਹਨਾਂ ਨੂੰ ਇਹ ਡਰ ਵੀ ਪਾਉਂਦੇ ਹਨ ਕਿ ਜੇ ਤੁਸੀਂ ਇਹ ਨਾਮ ਅੱਗੇ ਹੋਰ ਕਿਸੇ ਨੂੰ ਦੱਸਿਆ ਤਾਂ ਤੁਸੀਂ ਕੋਹੜੀ ਹੋ ਜਾਵੋਗੇ। ਪਹਿਲੀ ਗੱਲ ਤਾਂ ਇਹ ਕਿ ਜਦੋਂ ਤੁਸੀਂ ਇਹਨਾਂ ਨੂੰ ਨਾਮ ਦੱਸਿਆ ਸੀ, ਉਦੋਂ ਤੁਸੀਂ ਕਿਉਂ ਨਾ ਕੋਹੜੀ ਹੋਏ ? ਜਿਸ ਨਾਮ ਦੇ ਅੱਗੇ ਦੱਸਣ ਨਾਲ ਬੰਦਾ ਕੋਹੜੀ ਹੋ ਜਾਂਦਾ ਹੈ, ਫਿਰ ਨਾਮ ਲੈਣ ਵਾਲੇ ਦੀਆਂ ਵੀ ਇਹ ਨਾਮ ਕੋਈ ਕੁਲਾਂ ਨਹੀਂ ਤਾਰ ਸਕਦਾ। ਜਿਹੋ ਜਿਹੇ ਇਹ ਆਪ ਹਨ, ਉਹੋ ਜਿਹਾ ਹੀ ਕੋਈ ਇਹਨਾਂ ਦਾ ਨਾਮ ਹੋਣਾ ਹੈ, ਜਿਹੜਾ ਅੱਗੇ ਦੱਸਣ ਨਾਲ ਹੀ ਕੋਹੜੀ ਬਣਾ ਦਿੰਦਾ ਹੈ।

**ਮੇਰੋ ਈ ਧਯਾਨ ਧਰੋ ਨਿਸ ਬਾਸੁਰ;**
**ਭੂਲ ਕੇ ਅਉਰ ਕੋ ਨਾਮੁ ਨ ਲੀਜੈ ॥**

*[ਦਸਮ, ਅੰਗ-੭੧੬]*

ਵਰਗਾ ਹੈ, ਜੋ ਇਸ ਨੂੰ ਜਪੇਗਾ ਉਹ ਤਾਂ ਜ਼ਰੂਰ ਹੀ,



**ਕੋਪ ਕਰਾਲ ਕੀ ਪਾਵਕ ਕੁੰਡ ਮੈ;**
**ਆਪ ਟੰਗਿਓ ਤਿਮ ਤੋਹਿ ਟੰਗੈ ਹੈ ॥**

*[ਦਸਮ, ਅੰਗ-੪੬]*

**ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ ॥**

*[ਆਸਾ ਮਹਲਾ ੫, ਅੰਗ-੩੭੩]*

ਦੀ ਤਰ੍ਹਾਂ ਨਰਕਾਂ ਦੇ ਅਧਿਕਾਰੀ ਹੀ ਬਣਾਵੇਗਾ।

ਸਤਿਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਨੇ ਕਿਹਾ, "ਤੁਸੀਂ ਨਾਮ ਗੁਪਤ ਕਿਉਂ ਨਹੀਂ ਦਿੰਦੇ ?" ਤਾਂ ਸਤਿਗੁਰਾਂ ਨੇ ਕਿਹਾ :-

**ਜੈਸਾ ਘਰਿ ਬਾਹਰਿ ਸੋ ਤੈਸਾ ॥**
**ਬੈਸਿ ਗੁਫਾ ਮਹਿ ਆਖਉ ਕੈਸਾ ॥**
**ਸਾਗਰਿ ਡੂਗਰਿ ਨਿਰਭਉ ਐਸਾ ॥**

*[ਗਉੜੀ ਮਹਲਾ ੧, ਅੰਗ-੨੨੧]*

ਜੋ ਪ੍ਰਮੇਸ਼ਰ ਸਮੁੰਦਰਾਂ ਵਿਚ ਤੇ ਪਹਾੜਾਂ ਵਿਚ ਸਾਰੇ ਹੀ ਵਿਆਪਕ ਹੋ ਰਿਹਾ ਹੈ, ਅਸੀਂ ਉਸ ਦੇ ਨਾਮ ਨੂੰ ਫਿਰ ਗੁਪਤ ਕਿਉਂ ਦੱਸੀਏ। ਅਸੀਂ ਤਾਂ ਬੁਲੰਦ ਅਵਾਜ਼ ਵਿਚ ਏਹੀ ਕਹਾਂਗੇ ਕਿ ਸਾਰੇ ਵਾਹਿਗੁਰੂ ਨਾਮ ਜਪੋ, ਕਿਉਂਕਿ :-

**ਕਿਰਤਮ ਨਾਮ ਕਥੇ ਤੇਰੇ ਜਿਹਬਾ ॥**
**ਸਤਿਨਾਮੁ ਤੇਰਾ ਪਰਾ ਪੂਰਬਲਾ ॥**

*[ਮਾਰੂ ਮਹਲਾ ੫, ਅੰਗ-੧੦੮੩]*

## ਸ਼ਬਦ ਹੀ ਗੁਰੂ ਹੈ

ਇਕ ਵਾਰ ਸਿੱਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ ? ਗੁਰੂ ਜੀ ਨੇ ਕਿਹਾ ਕਿ ਸ਼ਬਦ ਗੁਰੂ ਹੈ, ਜੋ ਸ਼ਬਦ ਦੀਂ ਧੁਨੀ ਵਿਚ ਸੁਰਤਿ ਜੋੜਨੀ ਹੈ, ਇਹੀ ਚੇਲਾ ਹੈ। ਯਥਾ :-

੧. **ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥**

*[ਰਾਮਕਲੀ ਮਹਲਾ ੧ ਸਿਧ ਗੋਸਟਿ, ਅੰਗ-੯੪੩]*

੨. **ਜਿਨੀ ਸਤਿਗੁਰ ਸਿਉ ਚਿਤੁ ਲਾਇਆ;**
**ਸੋ ਖਾਲੀ ਕੋਈ ਨਾਹਿ॥**
**ਤਿਨ ਜਮ ਕੀ ਤਲਬ ਨ ਹੋਵਈ;**
**ਨਾ ਓਇ ਦੁਖ ਸਹਾਹਿ॥**
**ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ॥੩॥**

*[ਰਾਮਕਲੀ ਕੀ ਵਾਰ ਮਹਲਾ ੩, ਅੰਗ-੯੫੦]*

੩. **ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥੪੦॥**

*[ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਅੰਗ-੯੩੫]*

ਗੁਰਬਾਣੀ ਦੇ ਲੜ ਲੱਗੋ, ਤੁਹਾਡੇ ਸਾਰੇ ਕਾਰਜ ਪੂਰੇ ਹੋਣਗੇ। ਜਦੋਂ ਗੁਰਬਾਣੀ ਨੂੰ ਪੜ੍ਹਨ ਦੀ ਪ੍ਰੇਰਨਾ ਗੁਰੂ ਜੀ ਆਪ ਕਰ ਰਹੇ ਹਨ, ਕੀ ਇਹ ਗੁਰਬਾਣੀ ਦਾ ਪ੍ਰਚਾਰ ਨਹੀਂ ?

ਜਦੋਂ ਸਤਿਗੁਰੂ ਪੰਚਮ ਪਾਤਸ਼ਾਹ ਜੀ ਸ੍ਰੀ ਗੋਇੰਦਵਾਲ ਸਾਹਿਬ ਤੋਂ ਮਾਮਾ ਮੋਹਣ ਜੀ ਤੋਂ ਗੁਰਬਾਣੀ ਦੀਆਂ ਪੋਥੀਆਂ ਪਾਲਕੀ ਸਾਹਿਬ ਵਿਚ ਲੈ ਕੇ ਆਏ, ਉਦੋਂ ਸਤਿਗੁਰੂ ਜੀ ਗੁਰਬਾਣੀ ਨੂੰ ਗੁਰੂ ਰੂਪ ਜਾਣ ਕੇ ਨੰਗੇ ਚਰਨੀਂ ਆਪ ਚੌਰ ਸਾਹਿਬ ਕਰਦੇ ਹੋਏ ਸ੍ਰੀ ਅੰਮ੍ਰਿਤਸਰ ਤੱਕ ਆਏ ਸਨ। ਕੀ ਇਹ ਗੁਰਬਾਣੀ ਦੇ ਗੁਰੂ ਰੂਪ ਹੋਣ ਜਾਂ ਗੁਰਬਾਣੀ ਦੇ ਸਤਿਕਾਰ ਕਰਨ ਦਾ ਪ੍ਰਚਾਰ ਨਹੀਂ ਸੀ ?

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਿਆਰ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਵਿਚ ਸੰਗਤਾਂ ਦੇ ਨਮਸਕਾਰ ਕਰਨ ਵਾਸਤੇ ਸ੍ਰੀ ਮੰਜੀ ਸਾਹਿਬ 'ਤੇ ਪ੍ਰਕਾਸ਼ ਕੀਤਾ ਅਤੇ ਆਪ ਸਤਿਗੁਰੂ ਪੰਚਮ ਪਾਤਸ਼ਾਹ ਜੀ ਸੰਗਤ ਵਿਚ ਬੈਠਦੇ ਸਨ। ਰਾਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪਲੰਘ 'ਤੇ ਬਿਰਾਜਮਾਨ ਕਰ ਕੇ, ਆਪ ਉਸ ਪਲੰਘ ਦੇ ਹੇਠ ਗੁਰੂ ਜੀ ਹਰ ਰੋਜ਼ ਬਿਰਾਜਦੇ ਸਨ। ਇਹ ਸਾਰਾ ਕੁਝ ਗੁਰਬਾਣੀ ਦੇ ਪ੍ਰਚਾਰ ਵਾਸਤੇ ਹੀ ਗੁਰੂ ਜੀ ਨੇ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ



ਜੀ ਸਤਿਗੁਰੂ ਹਨ। ਸਿੱਖਾਂ ਨੇ ਕਿਹਾ ਵੀ ਕਿ ਆਪ ਜੀ ਦੇ ਵਾਸਤੇ ਹੋਰ ਪਲੰਘ ਲੈ ਆਉਂਦੇ ਹਾਂ। ਸਤਿਗੁਰੂ ਜੀ ਨੇ ਕਿਹਾ, "ਨਾ ਭਾਈ! ਇਹ ਚੌਹਾਂ ਸਤਿਗੁਰਾਂ ਦੀ ਬਾਣੀ ਗੁਰੂ ਸਰੂਪ ਹੈ, ਅਸੀਂ ਇਸ ਦੇ ਬਰਾਬਰ ਨਹੀਂ ਪੈ ਸਕਦੇ। ਜੋ ਗੁਰਬਾਣੀ ਦਾ ਇਤਨਾ ਸਤਿਕਾਰ ਕਰਨਾ ਹੈ, ਇਹ ਵੀ ਗੁਰਬਾਣੀ ਗੁਰੂ ਰੂਪ ਹੋਣ ਦਾ ਪ੍ਰਚਾਰ ਹੀ ਸੀ।

ਜ਼ਿਲਾ ਗੁਰਦਾਸਪੁਰ ਦੇ ਪ੍ਰਸਿੱਧ ਨਗਰ ਸ੍ਰੀ ਹਰਿਗੋਬਿੰਦ ਪੁਰ ਵਿਖੇ ਬਿਆਸ ਦਰਿਆ ਦੇ ਕਿਨਾਰੇ ਦੂਜੇ ਜੰਗ ਦੀ ਸਮਾਪਤੀ ਕਰਨ ਤੋਂ ਬਾਅਦ ਛੇਵੇ ਪਾਤਸ਼ਾਹ ਜੀ ਹਾਫ਼ਜ਼ਾਬਾਦ ਦੇ ਰਹਿਣ ਵਾਲੇ ਭਾਈ ਗੋਪਾਲੇ ਤੋਂ ਸ੍ਰੀ ਜਪੁਜੀ ਸਾਹਿਬ ਦਾ ਸ਼ੁੱਧ ਪਾਠ ਸੁਣ ਕੇ ਉਸ ਨੂੰ ਗੁਰਤਾ-ਗੱਦੀ ਦੇਣ ਲੱਗੇ ਸਨ। ਗੁਰਬਾਣੀ ਦੇ ਸ਼ੁੱਧ ਪਾਠ ਕਰਨ ਦਾ ਐਸਾ ਫਲ ਦੱਸਿਆ ਕਿ ਦਿੱਲੀ ਦੇ ਸਵਰਗ ਦਾ ਰਾਜ ਸ੍ਰੀ ਜਪੁਜੀ ਸਾਹਿਬ ਦੇ ਸ਼ੁੱਧ ਪਾਠ ਕਰਨ ਦੇ ਮਹਾਤਮ ਤੋਂ ਨੀਚੇ ਹਨ। ਤਾਂ ਹੀ ਗੁਰਤਾ-ਗੱਦੀ ਦੇਣ ਨੂੰ ਤਿਆਰ ਹੋ ਗਏ ਸਨ। ਕੀ ਗੁਰਬਾਣੀ ਨੂੰ ਗੁਰੂ ਰੂਪ ਦੱਸਣਾ, ਇਹ ਪ੍ਰਚਾਰ ਦਾ ਵਧੀਆ ਢੰਗ ਨਹੀਂ ਸੀ ? ਸੱਤਵੇਂ ਪਾਤਸ਼ਾਹ ਜੀ ਦੇ ਚਰਨਾਂ ਵਿਚ ਦੂਰ ਦੇਸ਼ ਦੀ ਸੰਗਤ ਜਦ ਕੀਰਤਨ ਕਰਦੀ ਅਤਿਅੰਤ ਨੇੜੇ ਪਹੁੰਚੀ ਤਾਂ ਬੜੀ ਕਾਹਲੀ ਨਾਲ ਪਲੰਘ ਤੋਂ ਉੱਠਣ ਕਰਕੇ ਗੋਡੇ 'ਤੇ ਚੋਟ ਲੱਗ ਗਈ। ਸੰਗਤਾਂ ਦੇ ਹੈਰਾਨ ਹੋ ਕੇ ਪੁੱਛਣ 'ਤੇ ਕਿਹਾ ਸੀ, "ਭਾਈ! ਗੁਰਬਾਣੀ ਗੁਰੂ ਸਰੂਪ ਹੈ, ਜੇ ਅਸੀਂ ਹੀ ਸਤਿਕਾਰ ਨਹੀਂ ਕਰਾਂਗੇ ਤਾਂ ਕੌਣ ਕਰੇਗਾ ?" ਕੀ ਇਹ ਗੁਰਬਾਣੀ ਦੇ ਗੁਰੂ ਹੋਣ ਦਾ ਪ੍ਰਚਾਰ ਨਹੀਂ ਸੀ ? ਸ੍ਰੀ ਅਨੰਦਪੁਰ ਸਾਹਿਬ ਦੱਖਣੀ ਓਅੰਕਾਰੁ ਦੀ "…..**ਕੈ ਜਾਣੈ ਗੁਰੁ ਸੂਰਾ॥੩॥**" ਪੰਗਤੀ ਦੀ ਗ਼ਲਤ ਲਗ ਪੜ੍ਹਨ ਕਰਕੇ, ਸਤਿਗੁਰੂ ਦਸਮ ਪਾਤਸ਼ਾਹ ਜੀ ਨੇ ਸਿੱਖ ਦੇ ਤਮਾਚਾ ਮਰਵਾਇਆ ਸੀ ਕਿ ਗੁਰਬਾਣੀ ਗੁਰੂ ਰੂਪ ਹੈ। ਅਸ਼ੁੱਧ ਪੜ੍ਹਨ ਨਾਲ ਸਾਨੂੰ ਅੰਗ ਭੰਗ ਕਰਨ ਵਰਗਾ ਦੁੱਖ ਹੁੰਦਾ ਹੈ। ਇਹ ਸਾਰਾ ਗੁਰਬਾਣੀ ਦੇ ਸਤਿਕਾਰ ਦਾ ਤੇ ਗੁਰਬਾਣੀ ਦੇ ਗੁਰੂ ਰੂਪ ਹੋਣ ਦਾ ਪ੍ਰਚਾਰ ਹੀ ਸੀ ਕਿ ਗੁਰਬਾਣੀ ਹੀ ਗੁਰੂ ਹੈ, ਜਿਸ ਦਾ ਸਤਿਗੁਰੂ ਜੀ ਖ਼ੁਦ ਆਪ

੨. **ਸਬਦੁ ਗੁਰ ਪੀਰਾ ਗਹਿਰ ਗੰਭੀਰਾ;**
**ਬਿਨੁ ਸਬਦੈ ਜਗੁ ਬਉਰਾਨੰ ॥**

*[ਸੋਰਠਿ ਮਹਲਾ ੧, ਅੰਗ-੬੩੫]*

੩. **ਬਾਣੀ ਗੁਰੂ ਗੁਰੂ ਹੈ ਬਾਣੀ;**
**ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ;**
**ਪਰਤਖਿ ਗੁਰੂ ਨਿਸਤਾਰੇ ॥੫॥**

*[ਨਟ ਮਹਲਾ ੪, ਅੰਗ-੯੮੨]*

੪. **ਸਤਿਗੁਰ ਬਚਨ ਬਚਨ ਹੈ ਸਤਿਗੁਰ;**
**ਪਾਧਰੁ ਮੁਕਤਿ ਜਨਾਵੈਗੋ ॥੫॥**

*[ਕਾਨੜਾ ਮਹਲਾ ੪, ਅੰਗ-੧੩੦੯]*

੫. **ਸਤਿਗੁਰ ਮਹਿ ਸਬਦ ਸਬਦ ਮਹਿ ਸਤਿਗੁਰ ਹੈ;**
**ਨਿਗੁਨ ਸਗੁਨ ਗਿਆਨ ਧਿਆਨ ਸਮਝਾਵੈ ਜੀ ॥੬੦੮॥**

*[ਕਬਿੱਤ ਸ੍ਵੈਯੇ ਭਾਈ ਗੁਰਦਾਸ ਜੀ]*

ਸਤਿਗੁਰੂ ਦਸਮ ਪਾਤਸ਼ਾਹ ਜੀ ਨੇ ਵੀ ਸ਼ਬਦ ਨੂੰ ਹੀ ਗੁਰੂ ਕਿਹਾ ਹੈ :-

**ਗੁਰੂ ਗ੍ਰੰਥ ਜੀ ਮਾਨੀਐ ਪ੍ਰਗਟ ਗੁਰਾਂ ਕੀ ਦੇਹ ॥**
**ਜੋ ਪ੍ਰਭ ਕੋ ਮਿਲਯੋ ਚਹੈ ਖੋਜ ਸਬਦ ਮੈ ਲੇਹ ॥**

*[ਸਾਖੀ ਕਾਰਨ ਕੀ 'ਚੋਂ]*

ਭਾਈ ਗੁਰਦਾਸ ਜੀ ਨੇ ਵੀ ਸ਼ਬਦ ਨੂੰ ਹੀ ਗੁਰੂ ਕਿਹਾ ਹੈ :-

**ਗੁਰ ਮੂਰਤਿ ਗੁਰ ਸਬਦੁ ਹੈ;**
**ਸਾਧ ਸੰਗਤਿ ਵਿਚਿ ਪਰਗਟੀ ਆਇਆ ॥**

*[ਭਾਈ ਗੁਰਦਾਸ ਜੀ, ਵਾਰ-੨੪, ਪਉੜੀ-੨੫]*



ਭਾਈ ਨੰਦ ਲਾਲ ਜੀ ਨੇ ਵੀ ਦਸਮ ਗੁਰੂ ਜੀ ਤੋਂ ਪੁੱਛਿਆ ਸੀ ਕਿ ਆਪ ਜੀ ਦੇ ਕਿੰਨੇ ਸਰੂਪ ਹਨ ਤਾਂ ਸਤਿਗੁਰੂ ਜੀ ਨੇ ਕਿਹਾ :-

**ਸ੍ਰੀ ਗੁਰੂ ਵਾਚ ॥ ਦੋਹਰਾ ॥**
**ਤੀਨ ਰੂਪ ਹੈਂ ਮੋਹਿ ਕੇ ਸੁਨਹੁ ਨੰਦ! ਚਿਤ ਲਾਇ ॥**
**ਨਿਰਗੁਣ ਸਰਗੁਣ ਗੁਰ ਸ਼ਬਦ ਹੈਂ ਕਹੇ ਤੋਹਿ ਸਮਝਾਇ ॥੬॥**

*[ਰਹਿਤਨਾਮਾ ਭਾਈ ਨੰਦ ਲਾਲ ਸਿੰਘ ਜੀ]*

ਮਹਾਤਮਾ ਬੁੱਧ ਜੀ ਨੇ ਵੀ ਆਪਣੇ ਵਿਚਾਰਾਂ ਨੂੰ ਹੀ ਗੁਰੂ ਕਿਹਾ ਹੈ। ਜਦੋਂ ਬੁੱਧ ਜੀ ਦਾ ਅੰਤ ਸਮਾਂ ਆਇਆ, ਉਹਨਾਂ ਦੇ ਪਾਸ ਬੈਠਾ ਉਹਨਾਂ ਦਾ ਅਨੰਦ ਨਾਮੀ ਚੇਲਾ, ਧਾਹਾਂ ਮਾਰ ਕੇ ਰੋਣ ਲੱਗ ਪਿਆ। ਬੁੱਧ ਜੀ ਨੇ ਕਿਹਾ, "ਅਨੰਦ! ਰੋ ਕਿਉਂ ਰਿਹਾ ਹੈਂ?" ਉਸ ਨੇ ਕਿਹਾ, "ਰੋ ਇਸ ਕਰਕੇ ਰਿਹਾ ਹਾਂ ਕਿ ਇਹ ਤੁਹਾਡੇ ਆਖ਼ਰੀ ਦਰਸ਼ਨ ਹਨ, ਫਿਰ ਨਹੀਂ ਹੋਣਗੇ।" ਤਾਂ ਮਹਾਤਮਾ ਬੁੱਧ ਜੀ ਨੇ ਕਿਹਾ, "ਅਨੰਦ! ਰੋ ਮੱਤ, ਮੈਂ ਸਰੀਰ ਨਹੀਂ, ਸਰੀਰ ਤਾਂ ਮਿੱਟੀ ਦਾ ਬੋਰਾ ਹੈ, ਇਹ ਅੱਜ ਵੀ ਢੇਰੀ ਹੋ ਸਕਦਾ ਹੈ, ਕੱਲ੍ਹ ਵੀ ਹੋ ਸਕਦਾ ਹੈ। ਮੇਰਾ ਸਰੀਰ ਤਾਂ ਮੇਰੇ ਵਿਚਾਰ ਹਨ, ਮੇਰੇ ਸ਼ਬਦ ਹਨ, ਜੋ ਇਹਨਾਂ ਨੂੰ ਧਾਰਨ ਕਰੇਗਾ, ਮੈਂ ਸਦਾ ਉਸ ਦੇ ਨਾਲ ਹਾਂ।"

ਗੁਰ ਬਿਲਾਸ ਵਿਚ ਵੀ ਕਿਹਾ ਹੈ :-

**ਦੋਹਰਾ ॥**
**ਗੁਰੂ ਦਰਸ ਜਿਹ ਦੇਖਨਾਂ ਸ੍ਰੀ ਗ੍ਰੰਥ ਦਰਸਾਇ ॥**
**ਬਾਤ ਕਰਨਿ ਗੁਰ ਸੋਂ ਚਹੈ ਪੜ੍ਹੈ ਗ੍ਰੰਥ ਮਨ ਲਾਇ ॥੪੧੩॥**

*[ਗੁਰ ਬਿਲਾਸ ਪਾਤਿਸ਼ਾਹੀ ੬, ਅਧਿ.-੪]*

ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰਾ ਹੀ ਸ਼ਬਦ ਰੂਪ ਹੈ। ਸ਼ਬਦ ਤੋਂ ਹੀ ਗਿਆਨ ਹੁੰਦਾ ਹੈ। ਜਿਸ ਤਰ੍ਹਾਂ ਇਕ ਲੜਕੇ ਦਾ ਪਿਤਾ ਬਾਹਰੋਂ ਆਇਆ ਅਤੇ ਦਰਵਾਜ਼ਾ ਬੰਦ ਵੇਖ ਕੇ ਉਸ ਨੇ ਅਵਾਜ਼ ਮਾਰੀ, "ਦਰਵਾਜ਼ਾ ਖੋਲ੍ਹੋ।"

ਵੀ ਕਿਤਨਾ ਸਤਿਕਾਰ ਕਰਦੇ ਰਹੇ ਹਨ। ਇਸ ਤੋਂ ਵੱਧ ਹੋਰ ਕਿਹੜਾ ਪ੍ਰਚਾਰ ਸੀ, ਜਿਹੜਾ ੧੯੭੨ ਤੋਂ ਬਾਅਦ ਸ਼ੁਰੂ ਹੋਇਆ ਕਹਿ ਰਹੇ ਹਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਦੇਣ ਦੇ ਪ੍ਰਮਾਣ

੧. ਬਾਣੀ ਗੁਰੂ ਗੁਰੂ ਹੈ ਬਾਣੀ;
ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁਬਾਣੀ ਕਹੈ ਸੇਵਕੁ ਜਨੁ ਮਾਨੈ;
ਪਰਤਖਿ ਗੁਰੂ ਨਿਸਤਾਰੇ ॥੫॥
*[ਨਟ ਮਹਲਾ ੪, ਅੰਗ-੯੮੨]*

੨. ਸਤਿਗੁਰ ਬਚਨ ਬਚਨ ਹੈ ਸਤਿਗੁਰ;
ਪਾਧਰੁ ਮੁਕਤਿ ਜਨਾਵੈਗੋ ॥੫॥
*[ਕਾਨੜਾ ਮਹਲਾ ੪, ਅੰਗ-੧੩੦੯]*

੩. ਸਬਦੁ ਗੁਰ ਪੀਰਾ ਗਹਿਰ ਗੰਭੀਰਾ;
ਬਿਨੁ ਸਬਦੈ ਜਗੁ ਬਉਰਾਨੰ ॥
*[ਸੋਰਠਿ ਮਹਲਾ ੧, ਅੰਗ-੬੩੫]*

੪. ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥.....
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
*[ਰਾਮਕਲੀ ਮਹਲਾ ੧ ਸਿਧ ਗੋਸਟਿ, ਅੰਗ-੯੪੨-੪੩]*

੫. ਸਬਦੁ ਗੁਰੂ ਗੁਰੁ ਜਾਣੀਐ;
ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ।
*[ਭਾਈ ਗੁਰਦਾਸ ਜੀ, ਵਾਰ-੭, ਪਉੜੀ-੨੦]*

੬. ਪਾਰਬ੍ਰਹਮੁ ਗੁਰ ਸਬਦੁ ਹੈ ਨਿਝਰ ਧਾਰ ਵਰ੍ਹੈ ਗੁਣ ਗੁਝੈ।
*[ਭਾਈ ਗੁਰਦਾਸ ਜੀ, ਵਾਰ-੭, ਪਉੜੀ-੧੯]*



੭. ਗੁਰ ਮੂਰਤਿ ਗੁਰ ਸਬਦੁ ਹੈ;
ਸਾਧਸੰਗਤਿ ਵਿਚਿ ਪਰਗਟੀ ਆਇਆ।
*[ਭਾਈ ਗੁਰਦਾਸ ਜੀ, ਵਾਰ-੨੪, ਪਉੜੀ-੨੫]*

੮. ਗੁਰ ਦਰਸਨ ਗੁਰ ਸਬਦ ਹੈ;
ਨਿਜ ਘਰਿ ਭਾਇ ਭਗਤਿ ਰਹਰਾਸੀ।
*[ਭਾਈ ਗੁਰਦਾਸ ਜੀ, ਵਾਰ-੩੯, ਪਉੜੀ-੧੭]*

੯. ਬਿਸਨੁਪਦ ਪੁੰਨਿਯਾਕੀ ॥
ਆਪਨਪੌ ਸ੍ਰੀ ਖਾਲਸਹਿ ਸੌਂਪਾ;
ਦੁਤਿਯ ਰੂਪ ਸਤਿਗੁਰੂ ਗ੍ਰੰਥਾ ॥
ਬੋਲਨ ਸਤਿਗੁਰੁ ਸਬਦ ਸੰਭਾਖਨ;
ਨਾਮ ਗੋਬਿੰਦ ਕੀਰਤਨਿ ਸੰਥਾ ॥
ਗੁਨਾਨੁਵਾਦ ਪੁਨਿ ਸਿਫਤਿ ਸਲਾਹਨਿ;
ਊਠਤੁ ਬੈਠਤੁ ਸੈਨ ਕਰੰਥਾ ॥
ਪਾਵਨ ਪੰਥ ਖਾਲਸਹਿ ਪ੍ਰਗਟਯੋ;
ਚਾਰ ਵਰਨ ਆਸ਼੍ਰਮ ਸੁਭ ਪੰਥਾ ॥੧॥
ਇਨ ਕੇ ਦਰਸ ਸਤਿਗੁਰ ਕੋ ਦਰਸਨ;
ਬੋਲਨ ਗੁਰੂ ਸ਼ਬਦ ਗੁਰੁ ਗ੍ਰੰਥਾ ॥
ਦ੍ਵਾਦਸਿ ਰੂਪ ਸਤਿਗੁਰੁ ਏ ਕਹਿਯਤਿ;
ਦ੍ਵਾਦਸਿ ਭਾਨੁ ਪ੍ਰਗਟ ਹਰਿ ਸੰਤਾ ॥
ਪ੍ਰਤਖੵ ਕਲਾ ਪਾਰਬ੍ਰਹਮ ਧਣੀਛੈ;
ਗ੍ਰੰਥਿ ਪੰਥ ਖਾਲਸ ਵਰਤੰਤਾ ॥
ਦਾਸ ਗੋਬਿੰਦ ਫਤਹ ਸਤਿਗੁਰੁ ਕੀ;
ਖਾਸ ਗ੍ਰੰਥ ਗੁਰੁ ਰੂਪ ਬਦੰਤਾ ॥੨॥ ਦੁਪਦਾ ੧ ॥
*[ਸ੍ਰੀ ਸਰਬ ਲੋਹ ਗ੍ਰੰਥ ਸਾਹਿਬ ਜੀ, ਪੰਨਾ-੬੪੬]*

੧੦. ਸਤਿਗੁਰੁ ਨਾਨਕ ਅੰਸ ਕਲਾ ਪ੍ਰਭੁ;
ਤਿਨ ਗੁਰੁ ਗ੍ਰੰਥ ਬਨਾਏ॥
ਨਾਮ ਉਪਾਸਨ ਨਾਮ ਅਰਾਧਨ;
ਨਾਮਹਿ ਜਪਿ ਤ੍ਰਿਪਤਾਏ॥

*[ਸ੍ਰੀ ਸਰਬ ਲੋਹ ਗ੍ਰੰਥ ਸਾਹਿਬ ਜੀ]*

੧੧. ਦੋਹਰਾ॥
ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟ ਚਲਾਇਉ ਪੰਥ॥
ਸਭ ਸਿੱਖਨ ਕੋ ਬਚਨ ਹੈ ਗੁਰੂ ਮਾਨੀਅਹੁ ਗ੍ਰੰਥ॥੩੦॥

*[ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ]*

੧੨. ਸ੍ਰੀ ਗੁਰੂ ਵਾਚ॥ ਦੋਹਰਾ॥
ਤੀਨ ਰੂਪ ਹੈਂ ਮੋਹਿ ਕੇ ਸੁਨਹੁ ਨੰਦ! ਚਿਤ ਲਾਇ॥
ਨਿਰਗੁਣ ਸਰਗੁਣ ਗੁਰ ਸ਼ਬਦ ਹੈਂ ਕਹੇ ਤੋਹਿ ਸਮਝਾਇ॥੬॥
ਚੌਪਈ॥
ਏਕ ਰੂਪ ਤਿਹ ਗੁਣ ਤੇ ਪਰੇ।
ਨੇਤਿ ਨੇਤਿ ਜਿਹ ਨਿਗਮ ਉਚਰੇ।
ਘਟਿ ਘਟਿ ਵਿਆਪਕ ਅੰਤਰਜਾਮੀ।
ਪੂਰਿ ਰਹਯੋ ਜਿਉ ਜਲ ਘਟ ਭਾਨੀ।੭।
ਦੂਸਰ ਰੂਪ ਗ੍ਰੰਥ ਜੀ ਜਾਨਹੁ।
ਆਪਨ ਅੰਗ ਮੇਰੇ ਕਰ ਮਾਨਹੁ।
ਰੋਮ ਰੋਮ ਅੱਛਰ ਸੋ ਲਹੋਂ।
ਜਥਾਰਥ ਬਾਤ ਤੁਮ ਸੋ ਸਤਿ ਕਹੋਂ।੮।
ਜੋ ਸਿਖ ਗੁਰ ਦਰਸਨ ਕੀ ਚਾਹਿ।
ਦਰਸਨ ਕਰੇ ਗ੍ਰੰਥ ਜੀ ਆਹਿ।
ਪ੍ਰਭਾਤ ਸਮੇਂ ਕਰਕੈ ਇਸਨਾਨ।
ਤੀਨ ਪ੍ਰਦੱਛਣਾ ਕਰੈ ਸੁਜਾਨ।੯।



ਦੋਹਰਾ॥
ਹਾਥ ਜੋੜ ਕਰ ਅਦਬ ਸੋਂ, ਬੈਠੇ ਮੋਹਿ ਹਜ਼ੂਰ॥
ਸੀਸ ਟੇਕ ਗੁਰ ਗ੍ਰੰਥ ਜੀ; ਬਚਨ ਸੁਣੇ ਸੋ ਹਜ਼ੂਰ॥੧੦॥
ਚੌਪਈ॥
ਸਬਦ ਸੁਨੇ ਗੁਰ ਹਿਤ ਚਿਤ ਲਾਇ।
ਗਿਆਨ ਸਬਦ ਗੁਰ ਸੁਨੇ ਸੁਨਾਇ।
ਜੋ ਮਮ ਸਾਥ ਚਹੇ ਕਰਿ ਬਾਤ।
ਗ੍ਰੰਥ ਜੀ ਪੜ੍ਹੇ ਸੁਣੇ ਬਿਚਾਰੇ ਸਾਥ।੧੧।
ਜੋ ਮੁਝ ਬਚਨ ਸੁਣਨ ਕੀ ਚਾਇ।
ਗ੍ਰੰਥ ਜੀ ਪੜ੍ਹੇ ਸੁਣੇ ਚਿਤ ਲਾਇ।
ਮੇਰਾ ਰੂਪ ਗ੍ਰੰਥ ਜੀ ਜਾਨ।
ਇਸ ਮੇਂ ਭੇਦ ਨਹੀਂ ਕੁਝ ਮਾਨ।੧੨।

*[ਰਹਿਤਨਾਮਾ ਭਾਈ ਨੰਦ ਲਾਲ ਸਿੰਘ ਜੀ]*

੧੪. ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਬੋਲਿਆ, ਏਹ ਕਹਿਆ। ਗੁਰਮੁਖਿ ਮੇਰਾ ਸਿੱਖ ਹੋਵੈਗਾ ਸੋ ਸ਼ਬਦ ਥੀਂ ਸਿਵਾਇ ਹੋਰ ਥਾਇੰ ਪ੍ਰੀਤਿ ਨ ਕਰਨੀ, ਸ਼ਬਦ ਬਿਨਾ ਹੋਰ ਪ੍ਰੀਤਿ ਨਰਕਿ ਲੈ ਜਾਂਦੀ ਹੈ। ਸਬਦੁ ਪੜ੍ਹਨਾ ਸੁਣਨਾ। ਸ਼ਬਦੁ ਕਮਾਵਣਾ :
ਸਬਦੁ ਬਾਝਹੁ ਨਾਹੀ ਥਾਉ।
ਸਬਦੇ ਬਾਝਹੁ ਮੁਹਿ ਮੁਹਿ ਖਾਹਿ।

*[ਸਾਖੀ ਰਹਿਤ ਕੀ, ਰਚਿਤ ਭਾਈ ਨੰਦ ਲਾਲ ਸਿੰਘ ਜੀ]*

੧੫. ਗੁਰੂ ਜੀ ਤੋਂ ਨਾਥਾਂ ਪੁੱਛਿਆ ਤਾਂ ਬਚਨ ਹੋਇਆ, ਪੰਜਾਂ ਸਿੱਖਾਂ ਵਿਚ ਆਪਣੀ ਕਲ (ਸ਼ਕਤੀ) ਗੁਰਮਤਿ ਦੀ ਰੱਖਾਂਗਾ, ਆਪ ਸ਼ਬਦ ਹੋ ਕੇ ਵਰਤਾਂਗਾ।

*[ਗਿਆਨੀ ਭਗਵਾਨ ਸਿੰਘ ਜੀ]*

**ਸੋ ਕਿਉਂ ਨਾਮ ਬਿਸਾਰਿਓ ?**
**ਨਿਤ ਸਮਾਰਿ ਮਤਿ ਧੀਰ ॥੫੪॥**

*[ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ ਅਧਯਾਯ-੧, ਜਿਲਦ-੨, ਪੰਨਾ-੮੪]*

ਇਹ ਸਾਰਾ ਪਸਾਰਾ ਆਸਰੇ ਵੀ ਨਾਮ ਦੇ ਹੀ ਹੈ। ਯਥਾ :-

**ਨਾਮ ਕੇ ਧਾਰੇ ਸਗਲੇ ਜੰਤ ॥**
**ਨਾਮ ਕੇ ਧਾਰੇ ਖੰਡ ਬ੍ਰਹਮੰਡ ॥**

*[ਗਉੜੀ ਸੁਖਮਨੀ ਮਃ ੫, ਅੰਗ-੨੮੪]*

ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰਾ ਹੀ ਨਾਮ ਹੈ। ਨਾਮ ਹੀ ਸਭ ਦਾ ਉਧਾਰ ਕਰਨ ਵਾਲਾ ਹੈ।

**ਨਾਮੇ ਉਧਰੇ ਸਭਿ ਜਿਤਨੇ ਲੋਅ ॥**

*[ਭੈਰਉ ਮਹਲਾ ੩, ਅੰਗ-੧੧੨੯]*

ਇਹ ਜਿਹੜੇ ਦੇਹਧਾਰੀ ਗੁਰੂ ਬਣੇ ਫਿਰਦੇ ਹਨ, ਕਿਸੇ ਇਕ ਦਾ ਵੀ ਉਧਾਰ ਕਰ ਕੇ ਵਿਖਾਉਣ।

ਨਾਮ ਦੇ ਜਪਣ ਕਰਕੇ ਹੀ ਆਦਮੀ ਦੇ ਅੰਦਰ :-

**.....ਇਕਿ ਸਾਧ ਬਚਨ ਅਟਲਾਧਾ ॥੧॥**

*[ਸਾਰੰਗ ਮਹਲਾ ੫, ਅੰਗ-੧੨੦੪]*

ਵਰਗੀ ਸ਼ਕਤੀ ਪੈਦਾ ਹੁੰਦੀ ਹੈ। ਜੇ ਨਾਮ ਨਹੀਂ ਜਪਦੇ, ਫਿਰ ਬਾਕੀ ਬੰਦਿਆਂ ਨਾਲੋਂ ਇਹਨਾਂ ਵਿਚ ਕੀ ਫ਼ਰਕ ਹੈ ? ਨਾਮ ਜਪੇ ਤੋਂ ਬਿਨਾਂ ਤਾਂ :-

**ਸਗਲ ਸਰੀਰ ਆਵਤ ਸਭ ਕਾਮ ॥**
**ਨਿਹਫਲ ਮਾਨੁਖੁ ਜਪੈ ਨਹੀ ਨਾਮ ॥੩॥**

*[ਗਉੜੀ ਮਹਲਾ ੫, ਅੰਗ-੧੯੦]*

ਕਿਹਾ ਹੈ। ਜੇ ਨਾਮ ਜਪ ਕੇ ਹੀ ਸ਼ਕਤੀ ਪ੍ਰਾਪਤ ਕਰਨੀ ਹੈ ਤੇ ਮੁਕਤੀ ਲੈਣੀ ਹੈ ਤਾਂ ਫਿਰ ਨਾਮ ਨੂੰ ਜੜ੍ਹ ਤੇ ਬੁੱਤ ਕਹਿਣ ਦੀ ਕੀ ਲੋੜ



ਰਹਿ ਜਾਂਦੀ ਹੈ। ਜੇ ਇਹ ਗੁਰੂ ਬਣੇ ਹੋਏ ਦੇਹਧਾਰੀ ਆਪਣੇ ਕੋਲੋਂ ਨਾਮ ਹੀ ਦਿੰਦੇ ਹਨ ਤਾਂ ਫਿਰ ਇਹਨਾਂ ਨੂੰ ਕੋਈ ਪੁੱਛੇ ਕਿ ਤੁਹਾਡਾ ਦਿੱਤਾ ਹੋਇਆ ਨਾਮ ਚੇਤਨ ਕਿਵੇਂ ਹੋ ਗਿਆ ? ਜਾਂ ਤਾਂ ਤੁਸੀਂ ਬਿਨਾਂ ਨਾਮ ਤੋਂ ਹੀ ਕਿਸੇ ਨੂੰ ਤਾਰੋ, ਜੇ ਨਾਮ ਦੇ ਕੇ ਹੀ ਤਾਰਨਾ ਹੈ ਤਾਂ ਫਿਰ ਪੰਜ ਪਿਆਰੇ ਵੀ ਤਾਂ ਅੰਮ੍ਰਿਤ ਛਕਾ ਕੇ ਨਾਮ ਹੀ ਦਿੰਦੇ ਹਨ, ਫਿਰ ਤੁਹਾਡੇ ਦਿੱਤੇ ਹੋਏ ਨਾਮ ਵਿਚ ਕੀ ਫ਼ਰਕ ਹੋਇਆ ? ਜੇ ਨਾਮ ਤੋਂ ਬਿਨਾਂ ਹੀ ਤੁਸੀਂ ਕਿਸੇ ਨੂੰ ਤਾਰਦੇ ਹੋ ਤਾਂ ਫਿਰ ਗੁਰਬਾਣੀ ਦਾ ਫ਼ੁਰਮਾਨ ਹੈ :-

੧. **ਕਣ ਬਿਨਾ ਜੈਸੇ ਥੋਥਰ ਤੁਖਾ ॥**
**ਨਾਮ ਬਿਹੂਨ ਸੂਨੇ ਸੇ ਮੁਖਾ ॥**
**ਹਰਿ ਹਰਿ ਨਾਮ ਜਪਹੁ ਨਿਤ ਪ੍ਰਾਣੀ ॥**
**ਨਾਮ ਬਿਹੂਨ ਧ੍ਰਿਗੁ ਦੇਹ ਬਿਗਾਨੀ ॥੧॥**

*[ਗਉੜੀ ਮਹਲਾ ੫, ਅੰਗ-੧੯੨]*

੨. **ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥**
**ਐਥੈ ਦੂਖ ਘਣੇਰਿਆ ਅਗੈ ਠਉਰ ਨ ਠਾਉ ॥੧੦੬॥**

*[ਸਲੋਕ ਫਰੀਦ ਜੀ, ਅੰਗ-੧੩੮੩]*

ਹੋਰ ਤੁਹਾਡੇ ਪਾਸ ਕਿਹੜੀ ਜਾਦੂ ਦੀ ਛੜੀ ਹੈ, ਜਿਸ ਨੂੰ ਫੇਰ ਕੇ ਤੁਸੀਂ ਲੋਕਾਂ ਨੂੰ ਤਾਰ ਦੇਵੋਗੇ ?

ਇਹ ਲੋਕ ਆਪਣੀ ਪੂਜਾ ਕਰਵਾਉਣ ਵਾਸਤੇ ਕਿਵੇਂ ਸੌ-ਸੌ ਪਾਪੜ ਵੇਲਦੇ ਹਨ, ਇਹਨਾਂ ਨੂੰ ਕੋਈ ਪੁੱਛੇ ਕਿ ਨਾਮ ਤੋਂ ਬਿਨਾਂ ਤੁਸੀਂ ਕਿਸ ਦੇ ਨਾਲ ਲੋਕਾਂ ਨੂੰ ਤਾਰ ਦੇਵੋਗੇ ? ਅੱਜ ਤੱਕ ਤਾਂ ਜਿਤਨੇ ਵੀ ਤਰੇ ਹਨ, ਸਾਰੇ ਨਾਮ ਕਰਕੇ ਹੀ ਤਰੇ ਹਨ। ਯਥਾ :-

੧. **ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ ॥**
**ਪਤਿਤ ਪਵਿਤ ਭਏ ਰਾਮੁ ਕਹਤ ਹੀ ॥੧॥ ਰਹਾਉ ॥**

*[ਟੋਡੀ ਨਾਮਦੇਵ ਜੀ, ਅੰਗ-੭੧੮]*

੧੬. ਹੇ ਖਾਲਸਾ ਜੀ ! ਇਸੀ ਤਰ੍ਹਾਂ ਹਮਾਰਾ ਯਾਰ੍ਹਵਾਂ ਅਵਤਾਰ ਗੁਰੂ ਗ੍ਰੰਥ ਜੀ ਕੋ ਜਾਨੋ।

*[ਗੋਬਿੰਦ ਗੀਤਾ]*

੧੭. ਦਸ ਮਹਲਨ ਕੀ ਪੜੀਐ ਬਾਨੀ॥
ਅਚੁੱਤ ਸੁਖ ਪਾਵਹੁ ਨਿਰਬਾਨੀ॥
ਹਮ ਕਹਿ ਲਖੋ ਨ ਇਨ ਤੇ ਦੂਰੀ॥
ਹਮ ਤੁਮਰੇ ਸਦ ਸੰਗ ਹਜੂਰੀ॥੨੭॥
ਚੌਂਕੀ ਸਬਦ ਪੁਰਬ ਗੁਰ ਕਰੀਐ॥
ਰਹਤ ਖਾਲਸੇ ਕੀ ਉਰ ਧਰੀਐ॥
ਪੰਚ ਸੁ ਮੇਲ ਪੰਚ ਕੌ ਤਯਾਗੀ॥
ਗੁਰ ਮੂਰਤ ਹੂਜੋ ਅਨੁਰਾਗੀ॥੨੮॥

*[ਗੁਰਬਿਲਾਸ ਪਾ: ੧੦, ਰਚਿਤ ਭਾਈ ਸੁੱਖਾ ਸਿੰਘ ਜੀ]*

੧੮. ਸਿਖਾਂ ਨੇ ਪੂਛਾ ਅਬ ਦਰਸ਼ਨ ਕਹਾਂ ਕਰਹਿੰ। ਸਤਿਗੁਰ ਦੀਨ ਦਿਆਲ ਬਚਨ ਕੀਆ, ਜੋ ਦਸ ਸਰੂਪ ਹਮਾਰੇ ਪੂਰਨ ਭਏ। ਅਬ ਮੇਰੀ ਜਗ੍ਹਾ ਗੁਰੂ ਗ੍ਰੰਥ ਸਾਹਿਬ ਕੋ ਜਾਨਨਾ। ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ, ਆਦਿ ਗੁਰੂ ਗ੍ਰੰਥ ਸਾਹਿਬ ਕਾ ਪਾਠ ਕਰਨਾ, ਮੇਰੇ ਸੇ ਬਾਤਾਂ ਹੋਵੇਂਗੀ।

*[ਮਹਿਮਾ ਪ੍ਰਕਾਸ਼, ਰਚਿਤ ਸਰੂਪ ਦਾਸ ਭੱਲਾ]*

੧੯. ਚਾਹੇਗਾ ਜੇ ਮੈਂ ਗੁਰੂ ਨਾਲਿ ਗੱਲਾਂ ਕਰਾਂ ਤਾਂ ਸ਼ਬਦ ਪੜ੍ਹੇ ਸਭ ਨਿਸ਼ਾ ਹੋਵਸਿ.....।

*[ਪ੍ਰੇਮ ਸੁਮਾਰਗ]*

੨੦. ਪਰੁ ਪਿਆਰੁ ਬਾਣੀ ਸ਼ਬਦ ਨਾਲਿ ਰਾਖੇ। ਸਬਦੁ ਗੁਰੂ ਹੈ, ਸੁਰਤਿ ਇਸਦੀ ਚੇਲਾ ਹੈ ਮਨ ਬਚ ਕਰਮ ਏਕੁ ਅੰਗੁ ਪੜ੍ਹੈ।੧।

*[ਪ੍ਰੇਮ ਸੁਮਾਰਗ]*



੨੧. ਦੋਹਰਾ॥
ਮਮ ਆਗਿਆ ਸਬ ਹੀ ਸੁਨੋ ਸੱਤ ਬਾਤ ਨਿਰਧਾਰ।
ਗ੍ਰੰਥ ਗੁਰੂ ਸਮ ਮਾਨੀਓ ਭੇਦ ਨ ਕੋਊ ਬਿਚਾਰ॥੪੦੯॥.....
ਦੋਹਰਾ॥
ਗੁਰੂ ਗ੍ਰੰਥ ਕਲਜੁਗ ਭਯੋ ਸ੍ਰੀ ਗੁਰੁ ਰੂਪ ਮਹਾਨ।
ਦਸ ਪਾਤਸ਼ਹੀਆਂ ਰੂਪ ਇਹ ਗੁਰੂ ਗ੍ਰੰਥ ਜੀ ਜਾਨ॥੪੧੨॥
ਦੋਹਰਾ॥
ਗੁਰੂ ਦਰਸ ਜਿਹ ਦੇਖਨਾਂ ਸ੍ਰੀ ਗ੍ਰੰਥ ਦਰਸਾਇ।
ਬਾਤ ਕਰਨਿ ਗੁਰ ਸੋਂ ਚਹੈ ਪੜ੍ਹੈ ਗ੍ਰੰਥ ਮਨ ਲਾਇ॥੪੧੩॥.....
ਦੋਹਰਾ॥
ਧਾਰ ਪ੍ਰੇਮ ਗੁਰ ਗ੍ਰੰਥ ਕਾ ਪਾਠ ਕਰੈ ਮਨ ਲਾਇ॥
ਰਾਗ ਮਾਲ ਪੜ੍ਹ ਪ੍ਰੇਮ ਸੋ ਭੋਗ ਜਪੁਜੀ ਤੇ ਪਾਇ॥੪੧੫॥

*[ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਅਧਿ.-੪]*

੨੨. ਦਸ ਅਵਤਾਰ ਗੁਰ ਏਕ ਸਮ ਜਯੋਂ ਜਾਨੈਂ ਜੋ ਮੇਰ।
ਇਕ-ਦਸਮੋ ਗੁਰੂ ਗ੍ਰੰਥ ਜੀ ਬਾਣੀ ਸਤਿਗੁਰ ਹੇਰਿ॥੪॥

*[ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਿਤੁ-੫, ਅੰਸੂ-੧੫, ਜਿਲਦ-੧੩, ਪੰਨਾ-੫੪੬੪]*

ਭਾਵ : ਜੋ ਮੇਰੇ ਹਨ, ਜਿਵੇਂ ਦਸਾਂ ਗੁਰ ਅਵਤਾਰਾਂ ਨੂੰ ਇਕ ਤੁਲ ਜਾਣਦੇ ਹਨ, ਤਿਵੇਂ ਸਤਿਗੁਰਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗਿਆਰ੍ਹਵੇਂ ਪਾਤਸ਼ਾਹ ਜਾਣਨ।

੨੩. ਕਲਿ ਕੇ ਨਰਨਿ ਉਧਾਰਨਿ ਕਾਰਨ।
ਸਮ ਜਹਾਜ ਕਿਯ ਗ੍ਰਿੰਥ ਸੁਧਾਰਨਿ।

*[ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਜਿਲਦ-੬ਵੀਂ, ਰਾਸਿ-੩, ਅੰਸੂ-੪੯, ਪੰਨਾ-੨੧੩੭]*

**੩੭. ੫੦੮ ਹਿਜਰੀ ਵਿਚ ਮੈਂ ਰੱਬੀ ਭੇਤ ਖੋਲਣ ਵਾਲੀ ਪੁਸਤਕ ਵਿਚੋਂ ਜੋ ਭੇਤ ਲੱਭਿਆ ਉਹ ਦਸਦਾ ਹਾਂ।**

**ਸ਼ਹਿ ਬਾਬਰ ਹੁਕਮਰਾਨ ਗਰਦਦ ਅਜ ਰੂਏ ਚੰਦ ਰੋਜ, ਦਰ ਜ਼ਮਾਨਸ ਏਕ ਫਕੀਰਸ ਅਜ ਸਾਲਕਾ ਪੈਦਾ ਸਵਦ ॥੨੯॥ ਨਾਮ ਓ ਨਾਨਕ ਬੂਦ ਮਰਦ ਜਹਾਂ ਪਾਵੈ ਰਜਊ, ਗਰਮ ਬਾਜਾਰੀ ਫਕੀਰਸ਼ ਪੈ ਕਰਾ ਪੈਦਾ ਸ਼ਵਦ ॥੩੦॥ ਦਰਮਿਆਂ ਮੁਲਕੇ ਪੰਜਾਬਸ ਸਬਦ ॥੩੦॥ ਸ਼ੁਹਰਤ ਤਮਾਮ, ਕੌਮ ਸਿੰਘਾਨਸ਼ ਮੁਰੀਦ ਅਜ਼ ਬਾਹਿਰਾ ਆ ਪੈਦਾ ਸ਼ੁਵਦ ॥੩੧॥**

ਭਾਵ ਅਰਥ—ਜਦੋਂ ਬਾਬਰ ਥੋੜ੍ਹੇ ਜਿਹੇ ਦਿਨ ਰਾਜ ਕਰ ਲਵੇਗਾ, ਫਕੀਰ ਜਿਹੜਾ ਧੁਰੋਂ ਹੀ ਪੈਗ਼ੰਬਰ ਬਣ ਕੇ ਆਇਆ ਹੋਵੇਗਾ ਤਾਂ ਉਹ ਪ੍ਰਗਟ ਹੋਵੇਗਾ। ਪੰਜਾਬ ਦੇਸ਼ ਵਿਚ ਹੋਵੇਗਾ। ਨਾਨਕ ਨਾਮ ਹੋਵੇਗਾ, ਉਸ ਦੇ ਸ਼ਬਦ ਦੀ ਵਡਿਆਈ ਸਾਰੇ ਸੰਸਾਰ ਵਿਚ ਖਿਲਰੇਗੀ ਤੇ ਉਹ ਸਾਰੇ ਦੇਸ਼ਾਂ ਵਿਚ ਫਿਰ ਕੇ ਪ੍ਰਚਾਰ ਕਰੇਗਾ ਤੇ ਇਕ ਕੌਮ ਬਣਾਏਗਾ, ਜਿਨ੍ਹਾਂ ਨੂੰ ਸਿੰਘ ਆਖਿਆ ਜਾਵੇਗਾ।

**ਬੂਦ ਨਾਨਕ ਆਰਫ਼ੇ ਮਰਦੇ ਖ਼ੁਦਾ ਰਾਜ ਹਾਇ ਮਹਰ ਰਤ ਜੋਗਹ ਕੁਸਾ। ਲੇਕਨ ਦੀ ਮਰਦੇ ਖੁਦਾ ਆਹਿਲੇ ਗੁਫਾ ਕਿਰਦ ਕਉਮੇ ਕਿ ਜਲ ਗਏ ਜਾ ਰਹਾ।**

ਭਾਵ ਅਰਥ—ਹੋਵੇਗਾ ਨਾਨਕ ਅਖ਼ਰਾਤ ਜ਼ਮਾਨੇ ਵਿਚ ਖ਼ੁਦਾ ਮਰਦ, ਫੇਰ ਉਹ ਭੇਤ ਖੋਲ੍ਹੇਗਾ ਜੋ ਪਹਿਲੇ ਪੈਗੰਬਰਾਂ ਤੋਂ ਨਹੀਂ ਖੁੱਲ੍ਹੇ। ਇਸ ਖ਼ੁਦਾ ਮਰਦ ਵਿਚ ਦਸਾਂ ਸਰੂਪਾਂ ਦੀ ਤਾਕਤ ਹੋਵੇਗੀ। ਦਸਵੇਂ ਜਾਮੇ ’ਚ ਇਕ ਕੌਮ ਪੈਦਾ ਕਰੇਗਾ ਜੋ ਝੂਠ ਤੇ ਜ਼ੁਲਮ ਮਿਟਾਵੇਗੀ।*

*[ਪੇਸ਼ੀਨ ਗੋਈ, ਵਲੀ ਉੱਲਾ ਨਿਆਮਤੇ ਉਲਾ ਸ਼ਾਹ ਕਸ਼ਮੀਰੀ, ਪੰਨਾ-੨੧੫੩]*

---

* ਵਲੀ ਨਿਆਮਤ ਉਲਾ ਸ਼ਾਹ ਕਸ਼ਮੀਰੀ, ਗੁਰੂ ਨਾਨਕ ਸਾਹਿਬ ਤੋਂ ੫੪੭ ਸਾਲ ਪਹਿਲਾਂ ਹੋਏ ਹਨ। ਸ੍ਰੀ ਨਗਰ ਤੋਂ ਗਿਲਗਤ ਨੂੰ ਜਾਈਏ ਤਾਂ ਰਸਤੇ ਵਿਚ ਬਾਂਡੀ ਪੁਰਾ ਵਿਚ ਇਕ ਪੱਥਰ ਦੀ ਸਿਲਾ ’ਤੇ ਸੁੰਨ ਮਾਰਗ ਲਿਖਿਆ ਹੋਇਆ ਹੈ ਕਿ ਬੂਦ ਨਾਨਕ, ਏਹ ਸੰਮਤ ੪੩੫ ਹਿਜਰੀ ਹੈ।

*[ਲੇਖ ਰਿਸਚਰਚ ਸਕਾਲਰ-ਗਿਆਨ ਸਿੰਘ ਆਰਫ—ਨਿਰੰਕਾਰੀ ਦਰਸ਼ਨ ਰਸਾਲੇ ’ਚੋਂ]*



ਗੁਰੂ ਨਾਨਕ ਦੇਵ ਜੀ ਦੇ ਆਗਮਨ ਬਾਰੇ ਪ੍ਰਾਚੀਨ ਭਾਰਤੀ ਸ਼ਾਸਤ੍ਰਾਂ ਦਾ ਉਲੇਖ:

**੩੮. ਰਿਗੁ ਵੇਦ—**

**ਬੀ ਚਕ੍ਰਮੇ ਪ੍ਰਿਥਵੀ ਏਸ਼ਏਤਾਨ ਕ੍ਰਿਸ਼ਤਾਇ ॥.....**
**ਮਨੁਸ਼ਏ ਦਸ ਅਸੁਆਨ ਧ੍ਰਵਾ ਸੋ ਅਸਏ ॥**
**ਕੀਰਜੂ ਜਨਾਸ ਉਰੂ ਸੁ ਜਨਮਾ ਚਕਾਰ ॥**

ਭਾਵ ਅਰਥ—ਵਿਸ਼ਨੂੰ ਭਗਵਾਨ ਕਲੀ ਅੰਦਰ ਦਸ ਅਵਤਾਰ ਮਨੁੱਖ ਦੇਹੀ ਦੇ ਧਾਰ ਕੇ ਸੰਸਾਰ ’ਚ ਧਰਮ ਪ੍ਰਚਾਰ ਕਰੇਗਾ।

*[ਰਿਗੁ ਵੇਦ ਅਧਿਆਇ ੬, ਮੰਤ੍ਰ ੪,*
*ਸੰਗਤਾ ਅਸਟਕ ੫, ਮੰਡਲੇ ੨, ਸੁਕਤ ਸਊਕਾ]*

**੩੯. ਸ੍ਰੀ ਨਾਨਕੰ ਗੁਰੰ ਵਹੀ ਸਕਲਾਦ ਹੇਤ;**
**ਹੇਤ ਸਮਸਤ ਜਗਤਾ ਵਹ ਵੇਦੀ ਕੇਤੰ।**

ਭਾਵ ਅਰਥ—ਸੰਸਾਰ ’ਚ ਧਰਮ ਪ੍ਰਚਾਰ ਲਈ ਸਰਬ ਗੁਣ ਸਪੰਨ ਗੁਰੂ ਆਵੇਗਾ, ਜਿਸ ਦਾ ਨਾਮ ਗੁਰੂ ਨਾਨਕ ਸਾਹਿਬ ਤੇ ਵੇਦੀ ਵੰਸ਼ ’ਚ ਹੋਵੇਗਾ।

*[ਸੰਤ ਕੇਹਰ ਸਿੰਘ ਜੀ ਨਿਰਮਲਾ ਕਾਂਸੀ ਦਾਸ]*

**੪੦. ਵਿਸ਼ਨੂੰ ਪੁਰਾਣ—**

**ਸ੍ਰੀ ਨਾਨਕੰ ਸਤਤੰ ਕ੍ਰਿਤੰ ਸਾਮਿਗਾਮੀ ਸ੍ਰੀ ਅਸਰ ॥੩॥**

ਭਾਵ ਅਰਥ—ਰਿਗ ਵੇਦ ਅਨੁਸਾਰ ਗੁਰੂ ਨਾਨਕ ਦੇਵ ਜੀ ਸੰਸਾਰ ’ਚ ਅਵੱਸ਼ਕ ਹੀ ਦਸ ਰੂਪ ਧਾਰ ਕੇ, ਸੰਸਾਰ ਦਾ ਸੁਧਾਰ ਤੇ ਉਧਾਰ ਕਰਨਗੇ।

**੪੧. ਪਤੰਜਲੀ ਸਿਮ੍ਰਤੀ—**

**ਵਾਹਯੰਤੀ ਕਾਰਯੰਤੀ ਜਗਦੁੱਤਪਤੀ ਆਦਕ ਇਤਿ ਵਾਹਾ;**
**ਬ੍ਰਹਮਾਦਯ: ਤੇਸ਼ਾਂ: ਗੁਰੂ ਇਤਿ ਵਾਹਿਗੁਰੂ ॥**

੩. ਸ੍ਵੈਯਾ ਛੰਦ ॥

ਦਯਾ ਸਿੰਘ ਅਰੁ ਧਰਮ ਸਿੰਘ ਜੀ;
ਮਾਨ ਸਿੰਘ ਤੀਜੋ ਬਰ ਬੀਰ।
ਸੰਗਤ ਸਿੰਘ, ਸੰਤ ਸਿੰਘ ਪੰਚਮ;
ਤਿਨਹੁੰ ਬਿਠਾਯੋ ਦੇ ਕਰਿ ਧੀਰ।
ਗੁਰਤਾ ਅਰਪਨਿ ਲਗੇ ਖਾਲਸੇ,
ਪੰਚ ਸਿੰਘ ਤਹਿਂ ਸੋਹਿਂ ਸ਼ਰੀਰ।
'ਪਚਹੁੰ ਮਹਿਂ ਨਿਤ ਵਰਤਹਿ ਮੈਂ ਹੌਂ;
ਪੰਚ ਮਿਲਹਿਂ ਸੇ ਪੀਰਨ ਪੀਰ ॥੨॥
ਗੁਰ ਘਰ ਕੀ ਮਿਰਜਾਦਾ ਪੰਚਹੁੰ;
ਪੰਚਹੁੰ ਪਾਹੁਲ ਪੂਰਬ ਪੀਨ।
ਹੁਇ ਤਨਖਾਹੀਆ ਬਖਸ਼ਹਿਂ ਪੰਚਹੁੰ;
ਪਾਹੁਲ ਦੇਂ ਮਿਲਿ ਪੰਚ ਪ੍ਰਬੀਨ।
ਲਖਹੁ ਪੰਚ ਕੀ ਬਡ ਬਡਿਆਈ;
ਪੰਚ ਕਰਹਿਂ ਸੋ ਨਿਫਲ ਨ ਚੀਨ।
ਭੋਜਨ ਛਾਦਨ ਪੰਚਨ ਅਰਪਹਿਂ;
ਅਰਜ਼ ਕਰਹਿਂ ਤਿਨ ਬਾਂਛਤਿ ਲੀਨ ॥੩॥
ਇਨ ਪਾਂਚਨ ਕੀ ਮਹਿਮਾ ਕਹਿ ਕੈ;
ਤੀਨ ਪ੍ਰਕ੍ਰਮਾ ਫਿਰਿ ਕਰਿ ਦੀਨਿ।
ਅਰਪੇ ਸ਼ਸਤ੍ਰ ਜਿਗਾ ਅਰੁ ਕਲਗੀ;
ਨਿਜ ਕਰ ਤੇ ਸਿਰ ਬੰਧਨਿ ਕੀਨਿ।
ਸ਼ਸਤ੍ਰ ਗਾਤਰੇ ਤਬਿ ਪਹਿਰਾਏ;
ਕਟ ਕਸਾਇ ਕਰਿ ਬਿਲਮ ਬਿਹੀਨ।
ਸ੍ਰੀ ਵਾਹਿਗੁਰੂ ਜੀ ਕਾ ਖਾਲਸਾ;
ਫਤੇ ਵਾਹਿਗੁਰੂ ਜੀ ਕੀ ਚੀਨ ॥੪॥

*[ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਿਤੁ-੬,
ਅੰਸੂ-੪੧, ਜਿਲਦ-੧੪, ਪੰਨਾ-੫੯੦੪]*



ਅੱਗੇ ਹੋਰ ਸਪੱਸ਼ਟ ਕਰਦਿਆਂ ਕਿਹਾ:

**ਸਨਮੁਖਿ ਮਿਲਿ ਪੰਚ ਆਖੀਅਨਿ;
ਬਿਰਦੁ ਪੰਚ ਪਰਮੇਸੁਰੁ ਪਾਸੀ ॥**

*[ਭਾਈ ਗੁਰਦਾਸ ਜੀ, ਵਾਰ-੩੯, ਪਉੜੀ-੧੭]*

ਸਨਮੁਖ ਕੌਣ ਹੁੰਦੇ ਹਨ?

**ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥**

*[ਮਾਝ ਮਹਲਾ ੫, ਅੰਗ-੧੩੧]*

ਜਿਹੜੇ ਇਸ ਤਰ੍ਹਾਂ ਦੇ ਸਨਮੁਖ ਗੁਰਮੁਖ ਹੁੰਦੇ ਹਨ, ਉਨ੍ਹਾਂ ਦੇ ਅੰਦਰ ਆਪ ਨੂੰ ਵਿਸ਼ੇਸ਼ ਕਹਾਉਣ ਦੀ ਰੁਚੀ ਉੱਕਾ ਹੀ ਨਹੀਂ ਹੁੰਦੀ। ਉਹ ਤਾਂ ਨਿਮਰਤਾ ਸਹਿਤ ਇਸ ਤਰ੍ਹਾਂ ਕਹਿੰਦੇ ਹਨ:

**ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥
ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥੭॥**

*[ਸਲੋਕ ਕਬੀਰ ਜੀ, ਅੰਗ-੧੩੬੪]*

ਉਹ ਤਾਂ:

**ਹਾਰਿ ਚਲੇ ਗੁਰਮੁਖਿ ਜਗ ਜੀਤਾ ॥੧॥**

*[ਭਾਈ ਗੁਰਦਾਸ ਜੀ, ਵਾਰ-੧੦]*

ਰਸਤੇ ਦੇ ਰਾਹੀ ਹੁੰਦੇ ਹਨ। ਉਨ੍ਹਾਂ ਦੀ ਇਹ ਧਾਰਨਾ ਬਣੀ ਹੁੰਦੀ ਹੈ:

**ਕੋਈ ਭਲਾ ਕਹਉ ਭਾਵੈ ਬੁਰਾ ਕਹਉ;
ਹਮ ਤਨੁ ਦੀਓ ਹੈ ਢਾਰਿ ॥੧॥**

*[ਦੇਵਗੰਧਾਰੀ ਮਹਲਾ ੪, ਅੰਗ-੫੨੮]*

ਆਪ ਨੂੰ ਵਿਸ਼ੇਸ਼ ਕਹਾਉਣ ਦੀ ਰੁਚੀ ਤਾਂ ਉਨ੍ਹਾਂ ਦੇ ਅੰਦਰ ਪੈਦਾ ਹੁੰਦੀ ਹੈ, ਜੋ ਖਾਲੀ ਘੜੇ ਵਰਗੇ ਹੁੰਦੇ ਹਨ। ਯਥਾ:-

**ਕਹੁ ਕਬੀਰ ਛੂਛਾ ਘਟੁ ਬੋਲੈ ॥
ਭਰਿਆ ਹੋਇ ਸੁ ਕਬਹੂ ਨ ਡੋਲੈ ॥**

*[ਗੋਂਡ ਕਬੀਰ ਜੀ, ਅੰਗ-੮੭੦]*

ਭਾਵ ਅਰਥ—ਕਲਜੁਗ ਵਿਚ ਗੁਰੂ ਨਾਨਕ ਜੋ ਬ੍ਰਹਮਾ ਆਦਿਕਾਂ ਦਾ ਗੁਰੂ ਹੋਵੇਗਾ, ਵਾਹਿਗੁਰੂ ਨਾਮ ਜਪਾਵੇਗਾ।

**੪੨. ਭਵਿੱਖਤ ਪੁਰਾਣ—**

**੧.ਏਵੰਵੈ ਧਰਮ ਪ੍ਰਾਚੁਰਯੰ ਭਵਿੱਖਯਤਿ ਯਦਾ ਕਲੌ ॥੩੩॥**
**ਤਦੈਵ ਲੋਕ ਰਖਯਾਰਥੰ ਮਲੇਛਾਨਾ ਨਾਸ਼ ਹੇਤੁਥੇ ॥**
**ਪਸਚਮੇਤੁ ਸੁਭੇ ਦੇਸ਼ੇ ਬੇਦੀ ਬੰਸੇਚ ਨਾਨਕੋ ਨਾਮਨਾ ॥੩੪॥**
**ਭੁਵ ਰਾਜ ਰਿਖੀ ਬ੍ਰਹਮ ਗਿਆਨੈਕ ਮਾਨਸ: ॥**
**ਭਵਿੱਖਤੀ ਕਲਊ ਸਕੰਦ ਤਤ ਬਿਤਯੰ ਕਲਯਾ ਹਰੇ ॥੩੫॥**

*[ਭਵਿੱਖਤ ਪੁਰਾਣ ਉਤ੍ਰਾਰਧ, ਅਧਿ.-੨੮]*

ਭਾਵ ਅਰਥ :- ਇਸ ਪ੍ਰਕਾਰ ਜਦ ਧਰਮ ਦੀ ਸੱਤਾ ਕਮਜ਼ੋਰ ਹੋ ਰਹੀ ਹੋਵੇਗੀ। ਆਉਣ ਵਾਲੇ ਸਮੇਂ ਵਿਚ ਜਦ ਕਲਜੁਗ ਹੋਵੇਗਾ ਤਾਂ ਉਸ ਸਮੇਂ ਲੋਕਾਂ ਦੀ ਰੱਖਿਆ ਲਈ ਅਤੇ ਮਲੇਛਪੁਣੇ ਦੇ ਨਾਸ਼ ਵਾਸਤੇ ਪਸਚਮ ਦਿਸ਼ਾ ਦੇ ਸ਼ੁਭ ਦੇਸ਼ ਪੰਜਾਬ ਦੀ ਬੇਦੀ ਬੰਸ ਵਿਚ ਨਾਨਕ ਨਾਮ ਦੇ ਇਕ ਰਾਜ ਰਿਸ਼ੀ ਦਾ ਅਵਤਾਰ ਹੋਵੇਗਾ। ਜੋ ਬ੍ਰਹਮਾ ਤੋਂ ਹੀ ਗਿਆਨ ਲੈ ਕੇ ਆਵੇਗਾ ਅਤੇ ਉਸ ਦਾ ਮਨੁੱਖ ਜਾਮਾ ਹੋਵੇਗਾ। ਉਹ ਆਉਣ ਵਾਲੇ ਕਲਜੁਗੀ ਸਮੇਂ ਦੇ ਝਗੜਿਆਂ, ਉਸ ਸਮੇਂ ਦੇ ਜੀਵਾਂ ਦੇ ਦੁੱਖਾਂ ਅਤੇ ਕਲੇਸ਼ਾਂ ਨੂੰ ਨਾਸ਼ ਕਰੇਗਾ।

**੨. ਗਰੂਰ ਬ੍ਰਹਮਾਂ ਗਰੂਰ ਵਿਸਨੂੰ ਗਰੂਰ ਦੇਵ ਮਹੇਸਰਾ ॥**
**ਗਰੂਰ ਸਾਖਯਾਤ ਪਾਰਬ੍ਰਹਮ ਦਰਸੀ;**
**ਤਸਮਈ ਨਾਨਕ ਵੇ ਨਮਹ: ॥**



## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰੂ ਹਨ

'ਪੁਰਖ ਗੁਰੂ' ਕਿਤਾਬ ਵਿਚ ਕੂਕਿਆਂ ਨੇ ਲਿਖਿਆ ਹੈ ਕਿ ਜਦੋਂ ਕੋਈ ਹੋਰ ਨਾ ਲੱਭਿਆ ਤਾਂ ਗੁਰੂ ਗ੍ਰੰਥ ਦੀ ਬੀੜ ਨੂੰ ਹੀ ਬੁੱਤ ਬਣਾ ਲਿਆ।

ਇਨ੍ਹਾਂ ਨੂੰ ਕੋਈ ਪੁੱਛੇ ਕਿ ਜਦੋਂ ਸਤਿਗੁਰੂ ਦਸਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਦੇ ਕੇ ਇਹ ਕਹਿ ਦਿੱਤਾ ਕਿ ਅੱਗੇ ਨੂੰ ਸ਼ਖਸੀ ਕੋਈ ਗੁਰੂ ਨਹੀਂ ਹੋਵੇਗਾ, ਫਿਰ ਹੋਰ ਕਿਸੇ ਨੂੰ ਲੱਭਣ ਦੀ ਲੋੜ ਵੀ ਕੀ ਰਹਿ ਗਈ ਸੀ।

ਅੱਗੇ ਲਿਖਿਆ ਹੈ ਕਿ ਜਦੋਂ ਵੇਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਵਾਲੀ ਡਿਊਟੀ ਨਹੀਂ ਕਰ ਸਕਦੇ, ਫਿਰ ਆ ਕੇ ਨਾਲ ਪੰਜ ਪਿਆਰੇ ਥਾਪ ਦਿੱਤੇ।

ਪਹਿਲਾਂ ਤਾਂ ਅਸੀਂ ਇਨ੍ਹਾਂ ਨੂੰ ਇਹ ਪੁੱਛਦੇ ਹਾਂ ਕਿ ਗੁਰੂ ਵਾਲੀ ਡਿਊਟੀ ਹੈ ਕਿਹੜੀ ? ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਹੀਂ ਕਰ ਸਕਦੇ। ਗੁਰੂ ਦੀ ਡਿਊਟੀ ਹੈ, ਸੰਗਤਾਂ ਨੂੰ ਸ਼ੁਭ ਉਪਦੇਸ਼ ਦੇਣਾ, ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਕਰਨੀਆਂ। ਉਨ੍ਹਾਂ ਦੀ ਔਕੜ ਵੇਲੇ ਸਹਾਇਤਾ ਕਰਨੀ ਅਤੇ ਉਨ੍ਹਾਂ ਦੀ ਕਲਿਆਣ ਕਰਨੀ। ਇਹੀ ਗੁਰੂ ਦੀ ਡਿਊਟੀ ਹੈ।

ਜਿੰਨਾਂ ਸ਼ੁਭ ਉਪਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੰਗਤਾਂ ਨੂੰ ਮਿਲਦਾ ਹੈ, ਦੁਨੀਆਂ ਵਿਚ ਇਸ ਦੀ ਦੂਸਰੀ ਕੋਈ ਮਿਸਾਲ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੰਗਤਾਂ ਦੀਆਂ ਜਿਤਨੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ, ਇਹ ਵੀ ਆਪਣੀ ਮਿਸਾਲ ਆਪ ਹੈ ਅਤੇ ਗੁਰਬਾਣੀ ਨੂੰ ਪੜ੍ਹ ਕੇ, ਸੁਣ ਕੇ, ਕਿਤਨੇ ਕੁ ਲੋਕਾਂ ਦੀ ਕਲਿਆਣ

ਹੋਈ ਹੈ ਤੇ ਹੋ ਰਹੀ ਹੈ, ਇਸ ਦੀ ਵੀ ਕੋਈ ਹੋਰ ਬਰਾਬਰਤਾ ਨਹੀਂ ਕਰ ਸਕਦਾ। ਯਥਾ :-

**ਗੁਰ ਕੈ ਸਬਦਿ ਤਰੇ ਮੁਨਿ ਕੇਤੇ;**
**ਇੰਦ੍ਰਾਦਿਕ ਬ੍ਰਹਮਾਦਿ ਤਰੇ॥**

*[ਰਾਗੁ ਭੈਰਉ ਮਹਲਾ ੧, ਅੰਗ-੧੧੨੫]*

ਮਨਮਾੜ ਤੋਂ ਜਦੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਨੂੰ ਗੱਡੀ 'ਤੇ ਜਾਈਏ, ਦੂਸਰੇ ਕੁ ਸਟੇਸ਼ਨ ਦੇ ਲਾਗੇ ਗੁਦਾਵਰੀ ਨਦੀ ਵਿਚ ਇਕ ਛੋਟਾ ਜਿਹਾ ਪਿੰਡ ਵਸਿਆ ਹੋਇਆ ਹੈ। ਜਦੋਂ ਨਦੀ ਦਾ ਪਾਣੀ ਚੜ੍ਹਦਾ ਹੈ ਤੇ ਪਿੰਡ ਨੂੰ ਰੋੜ ਲੈਣ ਦਾ ਖ਼ਤਰਾ ਵਧ ਜਾਂਦਾ ਹੈ। ਉਸ ਵੇਲੇ ਪਿੰਡ ਦਾ ਸਰਪੰਚ ਇਸ਼ਨਾਨ ਕਰਕੇ, ਸਾਫ ਕੱਪੜੇ ਪਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸਿਰ 'ਤੇ ਚੁੱਕ ਕੇ, ਨਦੀ ਦੇ ਗੋਡੇ ਗੋਡੇ ਪਾਣੀ ਵਿਚ ਖੜ੍ਹ ਜਾਂਦਾ ਹੈ। ਫਿਰ ਉਸ ਤੋਂ ਅੱਗੇ ਪਾਣੀ ਨਹੀਂ ਚੜ੍ਹਦਾ। ਹੁਣ ਤਾਂ ਉਹਨਾਂ ਨੇ ਉਥੇ ਗੁਰਦੁਆਰਾ ਵੀ ਬਣਾ ਲਿਆ ਹੈ।

ਕੀ ਕੋਈ ਦੇਹਧਾਰੀ ਵੀ ਇਸ ਤਰ੍ਹਾਂ ਦੀ ਰੱਖਿਆ ਕਰ ਸਕਦਾ ਹੈ। ਜਿਸ ਤਰ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਨ੍ਹਾਂ ਦੀ ਰੱਖਿਆ ਕਰਦੇ ਹਨ।

ਅਸੀਂ ਇਨ੍ਹਾਂ ਨੂੰ ਇਹ ਵੀ ਪੁੱਛਦੇ ਹਾਂ ਕਿ ਤੁਹਾਡਾ ਗੁਰੂ ਤਾਂ ਦੇਹਧਾਰੀ ਹੈ, ਫਿਰ ਵੀ ਇਤਨੇ ਸੂਬੇ ਕਿਉਂ ਬਣਾਏ ਹਨ ? ਤੁਹਾਡਾ ਗੁਰੂ ਆਪ ਹੀ ਸਭ ਕੁਝ ਕਿਉਂ ਨਹੀਂ ਕਰ ਲੈਂਦਾ ?

'ਪੁਰਖ ਗੁਰੂ' ਕਿਤਾਬ ਵਿਚ ਇਹ ਵੀ ਲਿਖਿਆ ਹੈ ਕਿ ਜਦੋਂ ਇਨ੍ਹਾਂ ਨੇ (ਸਿੱਖਾਂ ਨੇ) ਦੇਖਿਆ ਕਿ ਪੰਜ ਪਿਆਰੇ ਵਿਸ਼ੇਸ਼ ਨਾ ਹੋ ਜਾਣ, ਫਿਰ ਸਾਰੇ ਖਾਲਸਾ ਪੰਥ ਨੂੰ ਹੀ ਗੁਰੂ ਕਹਿਣ ਲੱਗ ਪਏ।

ਅਸੀਂ ਇਨ੍ਹਾਂ ਨੂੰ ਪੁੱਛਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਨਾਲ ਪੰਜ ਪਿਆਰੇ ਕਿਸ ਨੇ ਥਾਪੇ ? ਕੀ ਸਿੱਖਾਂ ਨੇ ਥਾਪੇ ? ਕੀ ਖ਼ਾਲਸੇ ਨੂੰ ਗੁਰੂ ਸਿੱਖਾਂ ਨੇ ਕਿਹਾ ? ਇਹ ਸਭ ਝੂਠ ਤੇ ਮਨੋਕਲਪਤ ਗੱਲਾਂ ਹਨ।



ਪੰਜ ਪਿਆਰਿਆਂ ਨੂੰ ਸਥਾਪਿਤ ਕਰਨਾ ਜਾਂ ਖ਼ਾਲਸੇ ਨੂੰ ਗੁਰੂ ਕਹਿਣਾ, ਇਹ ਕਿਸੇ ਹੋਰ ਨੇ ਨਹੀਂ ਕਿਹਾ, ਇਹ ਤਾਂ ਸਤਿਗੁਰੂ ਜੀ ਨੇ ਖ਼ੁਦ ਆਪ ਹੀ ਕਿਹਾ ਹੈ :-

੧. **ਚੌਪਈ॥**
**ਪੰਥ ਬਿਖੈ ਬਸਹੌਂ ਦਿਨ ਰੈਨਾ।**
**ਹਰਿ ਹੌਂ ਇਹ ਬਿਧ ਅਰਨ ਕੀ ਸੈਨਾ।**
**ਪ੍ਰਗਟ ਖਾਲਸਾ ਪੰਥ ਭਣੀਜੈ।**
**ਜਹਾਂ ਰਹਤ ਮੁਰ ਸਕਲ ਲਹੀਜੈ॥੧੬੩॥**
**ਪੋਥੀ ਗ੍ਰੰਥ ਨਾਮ ਨਿਤ ਧਯਾਨਾ।**
**ਦੂਜੀ ਬਾਤ ਨ ਧਰਈ ਕਾਨਾ।**
**ਸਸਤ੍ਰ ਅਸਤ੍ਰ ਸੰਗ ਕਰੈ ਪਯਾਰਾ।**
**ਨਿਸ ਦਿਨ ਭਜੈ ਨਾਥ ਨਿਰੰਕਾਰਾ॥੧੬੪॥**

*[ਗੁਰਬਿਲਾਸ ਪਾਤਿਸ਼ਾਹੀ ੧੦, ਰਚਿਤ ਭਾਈ ਸੁਖਾ ਸਿੰਘ ਜੀ]*

੨. **ਸਿੰਘ ਸੁ ਰਹਤ ਪੰਚ ਜਹਿਂ ਮਿਲੇਂ।**
**ਮਮ ਸਰੂਪ ਸੋ ਦੇਖਹੁ ਭਲੇ।**
**ਭੋਜਨ ਛਾਦਨ ਜੇ ਤਿਨ ਦੇਇ।**
**ਮੋਕਉ ਪਹੁੰਚਾਵਤਿ ਸਿਖ ਸੇਇ॥੧੨॥**
**ਮਨਹੁੰ ਕਾਮਨਾ ਤਿਨ ਤੇ ਪ੍ਰਾਪਤਿ।**
**ਸ਼ਰਧਾ ਧਰੇ ਚਿੰਤ ਦੁਖ ਖਾਪਤਿ।**
**ਸਿਖ ਪੰਚਨ ਮਹਿਂ ਮੇਰੋ ਬਾਸਾ।**
**ਪੂਰਨ ਕਰੌਂ ਧਰਹਿਂ ਜੋ ਆਸਾ॥੧੩॥**

*[ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਜਿਲਦ-੧੪,*
*ਐਨ-੨, ਅੰਸੂ-੨੩, ਪੰਨਾ-੬੩੩੧]*

ਜਲਵਾਏ ਈਜ਼ਾਦ ਯਾਫਤ ਕਿ ਗੁਰੂ ਗਰੰਥ ਜੀ ਅਸਤ। ਦਰ ਮਿਆਨੇ ਗਰੰਥ ਵਾ ਗੁਰੂ ਹੇਚ ਫਰਕ ਨੇਸਤ। ਅਜ਼ ਦੀਦਾਰੇ ਗਰੰਥ ਜੀ ਮੁਸ਼ਾਹਿਦਾ ਦੀਦਾਰ ਫ਼ਰਹਤ ਆਸਾਰ ਗੁਰੂ ਸਾਹਿਬ ਬਾਯਦ ਨਮੂਦ।

*[ਮੁਨਸ਼ੀ ਸੋਹਨ ਲਾਲ ਦੀ ਲਿਖੀ 'ਉਮਦਾਤੁ ਤ੍ਵਾਰੀਖ਼' 'ਚੋਂ]*

ਅਰਥਾਤ : ਜੋਤੀ ਜੋਤਿ ਸਮਾਉਣ ਸਮੇਂ ਆਗਿਆਕਾਰੀ ਸਿੱਖਾਂ ਨੇ ਅਰਜ ਕੀਤੀ ਕਿ ਆਪ ਜੀ ਦੀ ਸ਼ੁਭ ਗੁਣਾਂ ਭਰਪੂਰ ਜਯੋਤੀ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਕਿਸ ਨੂੰ ਗੁਰੂ (ਆਪ ਨੇ) ਨੀਯਤ ਕੀਤਾ ਹੈ। ਰੱਬੀ ਜਲਵੇ ਵਾਲੇ (ਗੁਰੂ ਜੀ) ਜਿਨ੍ਹਾਂ ਦੀ ਤਾਬਿਆਦਾਰੀ ਜ਼ਰੂਰੀ ਹੈ, ਦਾ ਹੁਕਮ ਮਿਲਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹਨ 'ਗੁਰੂ' ਤੇ ਗ੍ਰੰਥ ਸਾਹਿਬ ਵਿਚ ਕੋਈ ਫ਼ਰਕ ਨਹੀਂ ਹੈ। (ਗੁਰੂ) ਗ੍ਰੰਥ ਜੀ ਦੇ ਦਰਸ਼ਨ ਤੋਂ ਸ੍ਰੀ ਗੁਰੂ ਜੀ ਦੇ ਖ਼ੁਸ਼ੀ ਦੇਣ ਵਾਲੇ ਦੀਦਾਰੇ ਕਰਨੇ ਚਾਹੀਦੇ ਹਨ।

੩੨. ਸਿੱਖਾਂ ਨੇ ਉਹਨਾਂ ਅੱਗੇ ਬੇਨਤੀ ਕੀਤੀ ਕਿ ਹੇ ਸੱਚੇ ਸਤਿਗੁਰਾ! ਆਪ ਜੀ ਤੋਂ ਪਿੱਛੋਂ ਕੌਣ ਸਾਡੇ ਵਿਚ ਸਚਾਈ ਦੀ ਰੂਹ ਫੂਕੇਗਾ ਤੇ ਕੌਣ ਜੈ ਤੇ ਮੁਕਤੀ ਲਈ ਸਾਡਾ ਆਗੂ ਬਣੇਗਾ? ਸ੍ਰੀ ਗੁਰੂ ਜੀ ਨੇ ਉੱਤਰ ਦਿੱਤਾ ਕਿ ਧੁਰੋਂ ਨੀਯਤ ਹੋਈਆਂ ਦਸਾਂ ਪਾਤਸ਼ਾਹੀਆਂ ਨੇ ਆਪਣੇ ਮਿਸ਼ਨ ਨੂੰ ਪੂਰਾ ਕਰ ਲੀਤਾ ਹੈ। ਉਸ ਕਲਾਧਾਰੀ ਨੇ ਕਿਹਾ, "ਮੈਂ ਆਪਣੇ ਪਿਆਰੇ ਖ਼ਾਲਸੇ ਨੂੰ ਸਦਾ ਅਟੱਲ ਵਾਹਿਗੁਰੂ ਦੀ ਗੋਦ ਦੇ ਸਪੁਰਦ ਕਰਦਾ ਹਾਂ। ਜੇ ਕਦੇ ਕੋਈ ਗੁਰੂ ਦੇ ਦਰਸ਼ਨ ਕਰਨੇ ਚਾਹੇ ਤਾਂ ਉਹ ਕੜਾਹ ਪ੍ਰਸ਼ਾਦਿ ਭੇਟਾ ਕਰੇ ਤੇ ਗੁਰੂ ਗ੍ਰੰਥ ਜੀ ਅੱਗੇ ਮੱਥਾ ਟੇਕ ਕੇ ਪ੍ਰਕਾਸ਼ ਕਰੇ, ਉਸ ਨੂੰ ਗੁਰੂ ਜੀ ਨਾਲ ਮੁਲਾਕਾਤ ਪ੍ਰਾਪਤ ਹੋਵੇਗੀ। ਜੋ ਕੁਛ ਤੁਸੀਂ ਮੰਗੋਗੇ, ਤੁਹਾਨੂੰ ਮਿਲ ਜਾਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਤੁਹਾਨੂੰ



ਜਗਤ ਵਿਚ ਦੁੱਖਾਂ ਤੇ ਮੁਸੀਬਤਾਂ ਵਿਚ ਆਸਰਾ ਦੇਵੇਗਾ ਤੇ ਹਲਤ-ਪਲਤ ਵਿਚ ਤੁਹਾਡਾ ਸੱਚਾ ਆਗੂ ਹੋਵੇਗਾ।

*[ਸਯਦ ਮੁਹੰਮਦ ਲਤੀਫ਼, ਤਵਾਰੀਖ਼ੇ ਪੰਜਾਬ 'ਚੋਂ, ਪੰਨਾ-੨੬੯]*

੩੩. ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣਾ ਕੋਈ ਗੱਦੀ ਨਸ਼ੀਨ ਨਹੀਂ ਬਣਾਇਆ। ਆਪਣੇ ਚਲਾਣੇ ਤੋਂ ਪਹਿਲਾਂ ਉਹਨਾਂ ਨੇ ਆਪਣੇ ਸਿੱਖਾਂ ਨੂੰ ਸੱਦਿਆ ਤੇ ਉਹਨਾਂ ਨੂੰ ਦੱਸਿਆ ਕਿ ਗੁਰੂ ਸਾਹਿਬਾਂ ਦਾ ਮਿਸ਼ਨ ਪੂਰਾ ਹੋ ਗਿਆ ਹੈ। ਉਹਨਾਂ ਦੀ ਆਤਮਾ ਗੁਰੂ ਗ੍ਰੰਥ ਸਾਹਿਬ ਤੇ ਖ਼ਾਲਸਾ ਪੰਥ ਵਿਚ ਰਹੇਗੀ।

*[ਸ੍ਰੀ ਐਚ ਪੇਨ ਦੀ ਲਿਖੀ ਕਿਤਾਬ 'ਸ਼ਾਰਟ ਹਿਸਟਰੀ ਆਫ਼ ਸਿੱਖਸ' 'ਚੋਂ]*

੩੪. ਗੁਰੂ ਗੋਬਿੰਦ ਸਿੰਘ ਜੀ ਆਖ਼ਰੀ ਵਕਤ ਗ੍ਰੰਥ ਸਾਹਿਬ ਕੇ ਆਗੇ ਪਾਂਚ ਪੈਸੇ ਅਉ ਸ੍ਰੀਫਲ ਗੁਰਿਆਈ ਕਾ ਰੱਖਾ।

*[ਘਨੱਈਆ ਲਾਲ ਦੀ ਲਿਖੀ 'ਤਾਰੀਖ਼-ਏ-ਪੰਜਾਬ' 'ਚੋਂ]*

੩੫. ਭਗਵਾਨ ਦਸ ਸਰੂਪ ਧਾਰਨ ਕਰੇਗਾ, ਗਿਆਰਵੇਂ ਗੁਰੂ ਗ੍ਰੰਥ ਜੀ ਮੋਨੀ ਅਵਤਾਰ ਜਾਂ ਸ਼ਬਦਾ-ਅਵਤਾਰ ਹੋਣਗੇ, ਜੇ ਕੋਈ ਬੁਲਾਏਗਾ ਤਾਂ ਬੋਲਣਗੇ, ਨਹੀਂ ਤਾਂ ਚੁੱਪ ਰਹਿਣਗੇ।

*[ਬਿਆਸ ਜੀ ਵੱਲੋਂ ਦੁਆਪਰ ਯੁੱਗ ਦੇ ਅਖ਼ੀਰ 'ਚ ਲਿਖੇ ਭਵਿੱਖਤ ਪੁਰਾਣ 'ਚੋਂ]*

੩੬. ਕਾਲਾ ਕਾਲਾ ਰਸੂਲਿਲਾ ਸੌਲਿਲਾ ਹੂ ਅਲਾਹ ਵਸੱਲਮ ਲੇ ਅਖਰੇਤ ਜਮਾਨਾ, ਨਾਨਕ ਇਨਸਾ ਅਲਾ ਅੱਲ ਹੁਕਮੇ, ਅਲਉਸਤੀ ਫਿਤਾਬੇ ਅਈਨ।

ਭਾਵ ਅਰਥ—ਕਿਹਾ ਰਸੂਲ ਅੱਲਾ ਨੇ ਕਿ ਆਖ਼ਰ ਦੇ ਜ਼ਮਾਨੇ ਵਿਚ ਆਵੇਗਾ ਖ਼ੁਦਾ, ਗੁਰੂ ਨਾਨਕ ਦੇ ਰੂਪ ਵਿਚ ਇਸ ਜਹਾਨ ਵਿਚ। ਇਸ ਲਈ ਮੈਂ ਆਪਣੀ ਉੱਮਤ ਨੂੰ ਹੁਕਮ ਦੇਤਾ ਹੂੰ ਕਿ ਉਸਕੀ ਤਾਬਿਆਦਾਰੀ ਕਰੇ।

*[ਕੁਰਾਨ ਦੀ ਪੇਸ਼ੀਨ ਗੋਈ, ਹਜ਼ਰਤ ਉਨੱਸ ਹਦੀਸ ਹਬੀਬ ਦਾ ਲੇਖ]*

੨੪. ਦਸ ਸਰੂਪ ਗੁਰ ਏਕ ਸਮ ਯੋਂ ਜਾਨੈ ਸੋ ਮੇਰ॥
ਏਕ-ਦਸਮੋਂ ਗੁਰੂ ਗਰੰਥ ਜੀ ਬਾਣੀ ਸਤਿਗੁਰ ਹੇਰ॥

*[ਸੌ ਸਾਖੀ-੭੯ਵੀਂ, ਅੰਗ-੨]*

੨੫. ਗੁਰੂ ਗ੍ਰੰਥ ਸਾਹਿਬ ਸਭਿ ਕੇਰਾ।
ਜੋ ਹਮਰੇ ਚਹਿ ਦਰਸ਼ਨ ਹੇਰਾ।
ਸੋ ਸ਼ਰਧਾ ਧਰਿ ਹੇਰਨਿ ਕਰੈ।
ਪਾਪਨਿ ਗਨ ਕੌਂ ਤਤਛਿਨ ਹਰੈ॥੨੭॥
ਹਮ ਸੋਂ ਬਾਤ ਕਰਨਿ ਕੋ ਚਾਹਹਿ।
ਪਠਹਿ ਸੁਨਹਿ ਗੁਰ ਗ੍ਰੰਥ ਉਮਾਹਹਿ।
ਤਿਸ ਮਹਿ ਕਹਯੋ ਜੁ ਕਰਹਿਂ ਕਮਾਵਨਿ।
ਚਾਰ ਪਦਾਰਥ ਲੇ ਮਨ ਪਾਵਨ॥੨੮॥
ਹੋਹਿ ਕਾਮਨਾ ਸਿਖ ਕੈ ਕੋਈ।
ਬਿਘਨ ਪਰਹਿ ਕੈ ਸੰਕਟ ਹੋਈ।
ਸ਼ਰਨ ਗ੍ਰੰਥ ਸਾਹਿਬ ਕੀ ਜਾਇ।
ਤਤਛਿਨ ਸਤਿਗੁਰ ਬਨਹਿਂ ਸਹਾਇ॥੨੯॥
ਸ਼ਰਧਾਲੂ ਕੋ ਸਭਿ ਕਿਛ ਅਹੈ।
ਹੋਹਿ ਅਸ਼ਰਧਕ ਕਿਮਹੁ ਨ ਲਹੈ।
ਤਨ ਸਦੀਵ ਥਿਰ ਹੋਇ ਨ ਕੋਇ।
ਰਿਦਾ ਗ੍ਰੰਥ ਗੁਰ ਕੋ ਲੇਹੁ ਜੋਇ॥੩੦॥

*[ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸ-੧੦, ਅੰਸੂ-੫੧, ਜਿਲਦ-੧੦, ਪੰਨਾ-੬੨੫੫]*

੨੬. ਸ੍ਰੀ ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟਿਓ ਪੰਥ ਮਹਾਨ।
ਗ੍ਰੰਥ ਪੰਥ ਗੁਰੂ ਮਾਨੀਏ ਤਾਰੇ ਸਕਲ ਕੁਲਾਨ।

*[ਰਹਿਤਨਾਮਾ ਭਾਈ ਦਯਾ ਸਿੰਘ ਜੀ]*

ਗ੍ਰੰਥ ਗੁਰੂ ਇਕਾਦਸੋ ਬਚਨ ਤਾਹਿ ਰਿਦ ਧਾਰ।
ਪਾਵੈ ਮੁਕਤਿ ਦੁਆਰ ਕੋ ਕਰਯੋ ਬਚਨ ਯਹ ਸਾਰ।

*[ਸੁਧਰਮ ਮਾਰਗ ਗ੍ਰੰਥ]*



੨੭. ਦੋਹਰਾ॥
ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ॥
ਗੁਰੂ ਗ੍ਰੰਥ ਜੀ ਮਾਨੀਐ ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮੈ ਲੇਹ॥

*[ਸਾਖੀ ਕਾਰਨ ਕੀ 'ਚੋਂ]*

੨੮. ਦੋਹਰਾ॥
ਦਰਸਿਓ ਚਹਿ ਸਤਿਗੁਰੂ ਕੋ; ਸੋ ਦਰਸੈ ਗੁਰੂ ਗ੍ਰੰਥ॥
ਪਢੈ ਸੁਨੈ ਸ੍ਵਾਰਥ ਲਹੈ; ਪਰਮਾਰਥ ਕੋ ਪੰਥ॥

*[ਪੰਥ ਪ੍ਰਕਾਸ਼, ਰਚਿਤ ਗਿਆਨੀ ਗਿਆਨ ਸਿੰਘ ਜੀ]*

੨੯. ਔਲਾਦੇ ਗੁਰੂ ਗੋਬਿੰਦ ਮਜ਼ਕੂਰ।
ਦਰ ਜੰਗੇ ਆਲਮ ਗੀਰ ਕੁਸ਼ਤਾ ਸੁਦੰਦ।
ਬਾਅਦ ਅਜ਼ ਊ ਖਲੀਫਾ ਨੇਸਤ।
ਬਜੁਜ਼ ਈਂ ਗੁਰੂ ਗ੍ਰੰਥ ਜੀ ਇਬਾਦਤੇ ਨਦਾਰੰਦ।

*[ਅਹਿਮਦ ਬਿਨ ਮੁਹੰਮਦ ਦੀ ਲਿਖੀ 'ਮਿਰਾਤੁਲ ਅਹਿਵਾਲ ਜਹਾਨ ਨੁਮਾ' ਕਿਤਾਬ 'ਚੋਂ]*

ਅਰਥਾਤ—ਗੁਰੂ ਗੋਬਿੰਦ ਸਿੰਘ ਜੀ ਦੀ ਸੰਤਾਨ ਆਲਮਗੀਰਾਂ ਔਰੰਗਜ਼ੇਬ ਦੀ ਲੜਾਈ ਵਿਚ ਕਤਲ ਹੋ ਗਈ ਸੀ। ਉਹਨਾਂ ਤੋਂ ਪਿੱਛੋਂ ਕੋਈ ਖਲੀਫ਼ਾ (ਗੁਰੂ) ਨਹੀਂ ਹੈ। ਸਿੱਖਾਂ ਵਿੱਚ ਸਿਵਾਏ ਸ੍ਰੀ ਗੁਰੂ ਗ੍ਰੰਥ ਜੀ ਦੇ ਹੋਰ ਕਿਸੇ ਦੀ ਇਬਾਦਤ ਨਹੀਂ ਕੀਤੀ ਜਾਂਦੀ।

੩੦. ਜੇ ਕੋਈ ਦਰਸ਼ਨ ਕਰਨਾ ਚਾਹੇ ਤਾਂ ਉਸ ਨੂੰ ਗੁਰੂ ਨਾਨਕ ਸਾਹਿਬ ਦੇ ਗੁਰੂ ਗ੍ਰੰਥ ਸਾਹਿਬ ਦੀ ਖੋਜ ਕਰਨੀ ਚਾਹੀਦੀ ਹੈ।

*[ਕਨਿੰਘਮ ਸਿੰਘ ਦੀ ੧੯੨੬ ਬਿ:'ਚ ਲਿਖੀ 'ਸਿੱਖ ਹਿਸਟਰੀ' 'ਚੋਂ]*

੩੧. ਸ਼ਖਸ ਅਜ਼ ਨਿਮਾਜ਼ ਮੰਦਾਂ ਅਰਜ਼ ਨਮੂਦ ਕਿ ਕੁਦਾਮ ਕਸ ਰਾ ਗੁਰੂ ਮੁਕੱਰਰ ਨਮੂਦਾ, ਅਰਸ਼ਾਦ ਲਾਜ਼ਮੁਲ ਇਨਕਿਆਦ

ਭਰਿਆ ਘੜਾ ਨਾ ਤਾਂ ਬੋਲਦਾ ਹੈ ਅਤੇ ਨਾ ਹੀ ਡੋਲਦਾ ਹੈ। ਖਾਲੀ ਘੜਾ ਹੀ ਬੋਲਦਾ ਹੈ, ਓਹੀ ਡੋਲਦਾ ਹੈ। ਜਿਹੜੇ ਖਾਲੀ ਘੜੇ ਵਰਗੇ, ਸ਼ੁਭ ਗੁਣਾਂ ਤੋਂ ਰਹਿਤ (ਖਾਲੀ) ਹਨ। ਉਹੀ ਬੋਲਦੇ ਹਨ ਕਿ ਅਸੀਂ ਵਿਸ਼ੇਸ਼ ਹਾਂ, ਅਸੀਂ ਗੁਰੂ ਹਾਂ ਅਤੇ ਜੜ੍ਹ ਚੇਤਨ ਮਾਇਆ ਨੂੰ ਦੇਖ ਕੇ, ਦੀਵੇ ਦੀ ਲਾਟ ਦੀ ਤਰ੍ਹਾਂ ਡੋਲਦੇ ਵੀ ਓਹੀ ਹਨ।

## ਜੋ ਗੁਰੂ ਬਣਨ ਦੇ ਯੋਗ ਸਨ, ਉਹ ਗੁਰੂ ਨਹੀਂ ਬਣੇ

ਗੁਰੂ ਅਮਰਦਾਸ ਜੀ ਨੇ ਡੱਲਾ ਨਿਵਾਸੀ, ਬ੍ਰਹਮ ਗਿਆਨੀ ਭਾਈ ਪਾਰੋ ਜੀ ਨੂੰ ਕਿਹਾ, "ਅਸੀਂ ਤੁਹਾਨੂੰ ਚੌਥੇ ਗੁਰੂ ਬਨਾਉਣਾ ਚਾਹੁੰਦੇ ਹਾਂ।" ਭਾਈ ਪਾਰੋ ਜੀ ਨੇ ਬਹੁਤ ਨਿਮਰਤਾ ਵਿਚ ਭਰ ਕੇ ਬੇਨਤੀ ਕੀਤੀ, "ਸਤਿਗੁਰੂ ਜੀ! ਕਿਰਪਾ ਕਰੋ, ਦਾਸ ਨੂੰ ਤਾਂ ਸਿੱਖੀ ਦੀ ਦਾਤ ਹੀ ਬਖ਼ਸ਼ੋ। ਮੈਂ ਗੁਰੂ ਨਹੀਂ ਬਣਨਾ ਚਾਹੁੰਦਾ।" ਤਾਂ ਸਤਿਗੁਰੂ ਜੀ ਨੇ ਕਿਹਾ, "ਭਾਈ ਪਾਰੋ ਜੀ! ਅਸੀਂ ਤੁਹਾਨੂੰ ਆਪ ਤੋਂ ਵੱਖਰਾ ਨਹੀਂ ਦੇਖਣਾ ਚਾਹੁੰਦੇ। ਜੇ ਤੁਸੀਂ ਗੁਰੂ ਨਹੀਂ ਬਣਨਾ ਚਾਹੁੰਦੇ, ਫਿਰ ਤੁਸੀਂ ਇਸ ਤਰ੍ਹਾਂ ਕਰੋ ਕਿ ਇਹ ਸਰੀਰ ਛੱਡ ਦਿਓ। ਆਪਾਂ ਦੋਨੋਂ ਹੀ ਗੁਰੂ ਰਾਮਦਾਸ ਜੀ ਦੇ ਹਿਰਦੇ ਵਿਚ ਬੈਠ ਕੇ ਦੁਨੀਆਂ ਦਾ ਭਲਾ ਕਰਾਂਗੇ।" ਭਾਈ ਪਾਰੋ ਜੀ ਨੇ ਸਤਿਬਚਨ ਕਹਿ ਕੇ ਪਿੰਡ ਜਾਂਦਿਆਂ ਹੀ ਆਪਣੇ ਸਰੀਰ ਨੂੰ ਇਸ ਤਰ੍ਹਾਂ ਤਿਆਗ ਦਿੱਤਾ ਜਿਵੇਂ ਹਾਥੀ ਆਪਣੇ ਗਲ ਵਿਚੋਂ ਫੁੱਲਾਂ ਦੀ ਮਾਲਾ ਨੂੰ ਲਾਹ ਦਿੰਦਾ ਹੈ।

ਬਾਬਾ ਮੋਹਰੀ ਜੀ ਨੂੰ ਵੀ ਗੁਰੂ ਅਮਰਦਾਸ ਜੀ ਨੇ ਕਿਹਾ, "ਮੰਗ ਜੋ ਤੇਰੀ ਇੱਛਾ ਹੈ, ਓਹੀ ਦੇਵਾਂਗੇ।" ਬਾਬਾ ਮੋਹਰੀ ਜੀ ਨੇ ਵੀ ਦੋਨੋਂ ਹੱਥ ਜੋੜੇ ਤੇ ਪਿਤਾ ਗੁਰੂ ਜੀ ਦੇ ਅੱਗੇ ਬਹੁਤ ਨਿਮਰਤਾ ਵਿੱਚ ਭਿੱਜ ਕੇ ਬੇਨਤੀ ਕੀਤੀ, "ਕਰਨ ਕਾਰਨ ਸਮਰੱਥ ਸਤਿਗੁਰੂ ਜੀ! ਕਿਰਪਾ ਕਰੋ, ਦਾਸ ਨੂੰ ਤਾਂ ਸਿੱਖੀ ਦੀ ਹੀ ਦਾਤ ਬਖ਼ਸ਼ੋ।" ਤਾਂ ਗੁਰੂ ਅਮਰਦਾਸ ਜੀ ਨੇ ਪ੍ਰਸੰਨਤਾ ਵਿਚ ਭਰ ਕੇ ਕਿਹਾ, "ਮੋਹਰੀ ਸਭ ਤੋਂ ਮੋਹਰੀ।" ਸਤਿਗੁਰੂ ਜੀ ਨੇ ਕਿਹਾ, "ਭਾਈ! ਸਿੱਖੀ ਹੀ ਸਭ ਤੋਂ ਮਹਾਨ ਹੈ। ਗੁਰੂ ਵੀ ਸਿੱਖੀ ਦੇ ਹੀ ਅਧੀਨ ਹੈ।" ਇਸ ਤਰ੍ਹਾਂ ਜਿਹੜੇ ਤਾਂ ਗੁਰੂ ਬਣਨ ਦੀ ਯੋਗਤਾ ਰੱਖਦੇ ਸਨ, ਉਹ ਤਾਂ ਗੁਰੂ ਬਣੇ ਨਹੀਂ। ਜਿਨ੍ਹਾਂ ਵਿਚ ਕੋਈ ਵੀ ਗੁਣ ਨਹੀਂ ਹੈ, ਕੋਈ ਯੋਗਤਾ ਨਹੀਂ ਹੈ, ਉਹ ਆਪੇ ਹੀ ਬਦੋ ਬਦੀ, ਬਾਈ ਮੰਜੀਆਂ ਵਾਲਿਆਂ ਦੀ ਤਰ੍ਹਾਂ, ਅੱਗੇ ਹੋ ਹੋ ਕੇ, ਧੱਕੋ ਧੱਕੀ ਹੋ ਕੇ, ਆਪੇ ਬਿਨਾਂ ਪਾਣੀ ਤੋਂ ਹੀ ਮਉਜੇ (ਕੱਢੀ ਹੋਈ ਨਿੱਕੀ ਜੁੱਤੀ) ਲਾਹੀ ਫਿਰਦੇ ਹਨ ਕਿ ਅਸੀਂ ਗੁਰੂ ਹਾਂ।



ਸਤਿਗੁਰੂ ਤੇਗ਼ ਬਹਾਦਰ ਸਾਹਿਬ ਜੀ ਤਾਂ ਗੁਰਤਾ ਪ੍ਰਾਪਤ ਕਰਕੇ ਵੀ ਗੁਰੂ ਬਣਨ ਵਾਸਤੇ ਤਿਆਰ ਨਹੀਂ ਸਨ। ਪਰ ਇਹ ਇਤਨੇ ਕਾਹਲੇ ਪਏ ਹੋਏ ਹਨ, ਇਸ ਕਹਾਵਤ ਦੀ ਤਰ੍ਹਾਂ ਕਿ 'ਕਿਸੇ ਨੂੰ ਮਿਲੇ ਨਾ ਮਿਲੇ, ਮੈਨੂੰ ਦੋ ਥਣ ਚੋ ਦੇ' ਵਾਲੀ ਗੱਲ ਕਰ ਰਹੇ ਹਨ।

ਕਲਜੁਗ ਦੇ ਸਮੇਂ ਦਾ ਹੁਣ ਤਾਂ ਚੱਕਰ ਹੀ ਐਸਾ ਚੱਲਿਆ ਹੋਇਆ ਹੈ:

**ਕਲਜੁਗ ਸਿੱਖ ਨਾ ਦਿਸੈ ਕੋਈ ਸਭ ਕੋਈ ਗੁਰੂ ਸਦਾਵੈ॥**

*[ਭਾਈ ਦਰਬਾਰੀ ਦਾਸ ਸੋਢੀ]*

ਵਾਲੀ ਗੱਲ ਬਣੀ ਹੋਈ ਹੈ।

ਜਿਸ ਤਰ੍ਹਾਂ ਇਕ ਮਾਈ ਆਪਣੇ ਪੁੱਤਰ ਨੂੰ ਲੈ ਕੇ ਸੰਤਾਂ ਪਾਸ ਗਈ, ਕਿਹਾ, "ਜੀ! ਇਸ ਨੂੰ ਵਿੱਦਿਆ ਪੜ੍ਹਾ ਦੇਣਾ।" ਸੰਤਾਂ ਨੇ ਕਿਹਾ, "ਮਾਈ! ਇਸ ਨੂੰ ਪੜ੍ਹਾ ਕੇ ਚੇਲਾ ਬਣਾਉਣਾ ਹੈ ਕਿ ਗੁਰੂ?" ਕਹਿੰਦੀ, "ਜੀ! ਇਨ੍ਹਾਂ ਵਿਚੋਂ ਵੱਡਾ ਕੌਣ ਹੈ?" ਸੰਤਾਂ ਨੇ ਕਿਹਾ, "ਵੱਡਾ ਤਾਂ ਗੁਰੂ ਹੀ ਹੁੰਦਾ ਹੈ।" ਕਹਿੰਦੀ, "ਜੀ! ਕਿਰਪਾ ਕਰਕੇ ਮੇਰੇ ਪੁੱਤਰ ਨੂੰ ਤਾਂ

ਗੁਰੂ ਹੀ ਬਣਾਵੋ।" ਐਸਾ ਸਮਾਂ ਆਇਆ ਹੈ ਕਿ ਸਿੱਖ ਬਣਨ ਨੂੰ ਤਾਂ ਕੋਈ ਤਿਆਰ ਹੀ ਨਹੀਂ ਹੈ। ਸਾਰੇ ਗੁਰੂ ਹੀ ਬਣਨਾ ਚਾਹੁੰਦੇ ਹਨ, ਐਸੀ ਹਾਲਤ ਬਣੀ ਹੋਈ ਹੈ। ਇਹੋ ਜਿਹਿਆਂ ਬਾਰੇ ਦਾਦੂ ਜੀ ਨੇ ਕਿਹਾ ਹੈ :-

**ਦਾਦੂ ਦੁਨੀਆਂ ਬਾਵਰੀ ਕਹੈ ਚਾਮ ਕੋ ਰਾਮ॥**
**ਪੂਛ ਮਰੋੜੈ ਬੈਲ ਕੀ ਕਾਢੈ ਆਪਣੋ ਕਾਮ॥** *[ਲੋਕਕ]*

ਦਾਦੂ ਜੀ ਕਹਿੰਦੇ, ਦੁਨੀਆਂ ਕਿੰਨੀ ਕਮਲੀ ਹੈ ਕਿ ਹੱਡ ਚੰਮ ਦੇ ਸਰੀਰ ਨੂੰ ਹੀ ਰੱਬ ਮੰਨੀ ਬੈਠੀ ਹੈ, ਜਿਹੜੇ ਇਨ੍ਹਾਂ ਦੇ ਸੇਵਕ ਹਨ, ਬੈਲਾਂ ਦੀ ਤਰ੍ਹਾਂ ਉਹਨਾਂ ਦੀ ਬਿਰਤੀ ਰੂਪ ਪੂਛ ਨੂੰ ਮਰੋੜ ਕੇ ਆਪਣੇ ਪਾਸੇ ਲਾ ਕੇ ਕਹਿੰਦੇ ਹਨ ਕਿ ਅਸੀਂ ਹੀ ਰੱਬ ਹਾਂ :-

**ਜੋ ਕਛੁ ਮਾਲ ਤਵਾਲਯ ਸੋ;**
**ਅਬ ਹੀ ਉਠਿ ਭੇਟ ਹਮਾਰੀ ਹੀ ਕੀਜੈ॥**
**ਮੇਰੋ ਈ ਧਯਾਨ ਧਰੋ ਨਿਸ ਬਾਸੁਰ;**
**ਭੂਲ ਕੈ ਅਉਰ ਕੋ ਨਾਮੁ ਨ ਲੀਜੈ॥**

*[ਦਸਮ, ਅੰਗ-੭੧੬]*

ਤੁਹਾਨੂੰ ਕੋਈ ਲੋੜ ਨਹੀਂ ਭਜਨ ਕਰਨ ਦੀ, ਅਸੀਂ ਤੁਹਾਡੇ ਜ਼ਿੰਮੇਵਾਰ ਹਾਂ। ਇਸ ਤਰ੍ਹਾਂ ਕਹਿ ਕੇ ਆਪਣਾ ਖਾਣ ਪੀਣ ਦਾ ਕੰਮ ਕੱਢੀ ਜਾਂਦੇ ਹਨ। ਜਿੰਨੇ ਵੀ ਇਹ ਬਣੇ ਬੈਠੇ ਹਨ, ਹੈ ਸਾਰੇ ਇਹ ਸਿੰਮਲ ਰੁੱਖ ਹੀ। ਇਨ੍ਹਾਂ ਦੇ :-

**ਫਲ ਫਿਕੇ ਫੁਲ ਬਕ ਬਕੇ ਕੰਮਿ ਨ ਆਵਹਿ ਪਤ॥**

*[ਸਲੋਕ ਮਹਲਾ ੧, ਅੰਗ-੪੭੦]*

ਇਨ੍ਹਾਂ ਨੇ ਜਗ੍ਹਾ-ਜਗ੍ਹਾ ਆਪਣੇ ਪਖੰਡ ਦੀਆਂ ਦੁਕਾਨਾਂ ਖੋਲ੍ਹੀਆਂ ਹੋਈਆਂ ਹਨ। ਕਿਸੇ ਨੇ ਆਪਣੀ ਦੁਕਾਨ ਦਾ ਨਾਮ ਸੱਚਾ ਸੌਦਾ ਰੱਖਿਆ ਹੋਇਆ ਹੈ। ਉਨ੍ਹਾਂ ਦੁਕਾਨਾਂ ਵਿਚ ਭੋਲੇ-ਭਾਲੇ ਲੋਕਾਂ ਨੂੰ ਵਰਗਲਾ ਕੇ



ਨਾਮ ਦਾ ਸੌਦਾ ਵੇਚਦੇ ਹਨ ਅਤੇ ਮਾਇਆ ਦੇ ਗੱਫੇ ਬਟੋਰਦੇ ਹਨ। ਕਿਸੇ ਨੇ ਇਸ ਸੌਦੇ ਨੂੰ ਵੇਚਣ ਵਾਲੇ ਦਿਨ ਦਾ ਨਾਮ ਭੰਡਾਰਾ ਰੱਖਿਆ ਹੋਇਆ ਹੈ। ਇਨ੍ਹਾਂ ਨੂੰ ਦੂਜੇ ਸੱਜਣ ਠੱਗ ਹੀ ਸਮਝ ਲਵੋ, ਗਲ ਘੋਟੂ ਬੇਰਾਂ ਤੋਂ ਵੱਧ ਇਹ ਕੁਛ ਵੀ ਨਹੀਂ ਹਨ। ਜਦੋਂ ਇਹ ਆਪ ਹੀ ਤਰਨ ਜੋਗੇ ਨਹੀਂ, ਫਿਰ ਹੋਰ ਕਿਸੇ ਨੂੰ ਇਹ ਕੀ ਤਾਰ ਦੇਣਗੇ ? ਯਥਾ :

**ਜੋ ਡੁਬੰਦੋ ਆਪਿ ਸੋ ਤਰਾਏ ਕਿੰਨ੍ ਖੇ॥**

*[ਡਖਣੇ ਮਃ ੫, ਅੰਗ-੧੧੦੧]*

ਜਦੋਂ ਤੁਸੀਂ ਇਨ੍ਹਾਂ ਨੂੰ ਨੇੜੇ ਹੋ ਕੇ ਦੇਖੋਗੇ ਤਾਂ ਇਨ੍ਹਾਂ ਵਿਚੋਂ :-

**ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥**

*[ਸੂਹੀ ਮਹਲਾ ੧, ਅੰਗ-੭੨੯]*

ਵਰਗੀ ਪਾਪਾਂ ਦੀ ਕਾਲੀ ਸਿਆਹੀ ਹੀ ਨਿਕਲੇਗੀ। ਜਿਸ ਤਰ੍ਹਾਂ :-

**.....ਕਾਚੀ ਭੀਤਿ ਨ ਸੁਧਿ॥**

*[ਗਉੜੀ ਬਾਵਨ ਅਖਰੀ ਮਹਲਾ ੫, ਅੰਗ-੨੫੨]*

ਕੱਚੀ ਕੰਧ ਨੂੰ ਧੋਣ ਨਾਲ ਮਿੱਟੀ ਤੋਂ ਬਿਨਾਂ ਉਸ ਵਿਚੋਂ ਕੁਝ ਵੀ ਨਹੀਂ ਨਿਕਲਦਾ। ਲੀਰਾਂ ਦੀ ਖਿੱਦੋ ਵਿਚੋਂ ਲੀਰਾਂ ਤੋਂ ਬਿਨਾਂ ਹੋਰ ਹੋ ਵੀ ਕੀ ਸਕਦਾ ਹੈ ?

ਪੰਜਾਂ ਪਿਆਰਿਆਂ ਨੂੰ ਗੁਰੂ ਜੀ ਨੇ ਕਿਹਾ ਹੈ :-

੧. **ਪੰਚਹੁੰ ਮਹਿਂ ਨਿਤ ਵਰਤਤ ਮੈਂ ਹੌਂ;**
**ਪੰਚ ਮਿਲਹਿਂ ਸੇ ਪੀਰਨ ਪੀਰ॥੨॥**
**ਗੁਰ ਘਰ ਕੀ ਮਿਰਜਾਦਾ ਪੰਚਹੁੰ;**
**ਪੰਚਹੁੰ ਪਾਹੁਲ ਪੂਰਬ ਪੀਨ।**
**ਹੁਇ ਤਨਖਾਹੀਆ ਬਖਸ਼ਹਿਂ ਪੰਚਹੁੰ;**
**ਪਾਹੁਲ ਦੇਂ ਮਿਲਿ ਪੰਚ ਪ੍ਰਬੀਨ।**

**ਲਖਹੁ ਪੰਚ ਕੀ ਬਡ ਬਡਿਆਈ;**
**ਪੰਚ ਕਰਹਿੰ ਸੋ ਨਿਫਲ ਨ ਚੀਨ।**

*[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ-੧੪, ਰਿਤੁ-੬, ਅੰਸੂ-੪੧, ਪੰਨਾ-੫੯੦੪]*

੨. **ਸਿੰਘ ਸੁ ਰਹਤ ਪੰਚ ਜਹਿਂ ਮਿਲੇਂ।**
**ਮਮ ਸਰੂਪ ਸੋ ਦੇਖਹੁ ਭਲੇ।**
**ਸਿਖ ਪੰਚਨ ਮਹਿਂ ਮੇਰੋ ਬਾਸਾ।**
**ਪੂਰਨ ਕਰੌਂ ਧਰਹਿਂ ਜੇ ਆਸਾ॥੧੩॥**

*[ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਜਿਲਦ-੧੪, ਐਨ-੨, ਅੰਸੂ-੨੩, ਪੰਨਾ-੬੩੩੧]*

ਇਸੇ ਤਰ੍ਹਾਂ ਹੀ ਖ਼ਾਲਸੇ ਦੇ ਗੁਰੂ ਹੋਣ ਬਾਰੇ ਵੀ, ਗੁਰੂ ਜੀ ਨੇ ਆਪ ਹੀ ਬਚਨ ਕੀਤੇ ਹਨ:-

੧. **ਖ਼ਾਲਸਾ ਮੇਰੋ ਰੂਪ ਹੈ ਖਾਸ॥**
**ਖ਼ਾਲਸੇ ਮਹਿ ਹਉ ਕਰਹੁੰ ਨਿਵਾਸ॥**
**ਖ਼ਾਲਸਾ ਮੇਰੋ ਮੁਖ ਹੈ ਅੰਗ॥**
**ਖ਼ਾਲਸੇ ਕੇ ਹਉ ਬਸਤਿ ਸਦ ਸੰਗ॥੧॥**

*[ਸ੍ਰੀ ਸਰਬ ਲੋਹ ਗ੍ਰੰਥ ਸਾਹਿਬ ਜੀ, ਪੰਨਾ-੬੬੯]*

੨. **ਗੁਰੂ ਖਾਲਸਾ ਖਾਲਸਾ ਗੁਰੂ।**
**ਅਬਿ ਤੇ ਹੁਇ ਐਸੀ ਬਿਧਿ ਸ਼ੁਰੂ।**
**ਅਪਨੀ ਜੋਤਿ ਖਾਲਸੇ ਬਿਖੈ।**
**ਹਮ ਨੇ ਧਰੀ ਸਕਲ ਜਗ ਪਿਖੈ॥੨੦॥**

*[ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਐਨ-੨, ਅੰਸੂ-੨੩, ਜਿਲਦ-੧੪, ਪੰਨਾ-੬੩੩੨]*

੩. **ਗੁਰ ਚੇਲਾ ਚੇਲਾ ਗੁਰੂ ਗੁਰੂ ਸਿਖ ਸੁਣਿ ਗੁਰਸਿਖੁ ਸਦਾਵੈ।**

*[ਭਾਈ ਗੁਰਦਾਸ ਜੀ, ਵਾਰ-੨੮, ਪਉੜੀ-੧੬]*



੪. **ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੧॥**

*[ਭਾਈ ਗੁਰਦਾਸ ਜੀ, ਵਾਰ-੪੧]*

੫. **ਗੁਰੁ ਸਿਖੁ ਸਿਖੁ ਗੁਰੁ ਹੈ ਏਕੋ ਗੁਰ ਉਪਦੇਸੁ ਚਲਾਏ॥**

*[ਆਸਾ ਮਹਲਾ ੪, ਅੰਗ-੪੪੪]*

੬. **ਗੁਰੂ ਖਾਲਸਾ ਅਸਤ ਖਾਲਸਾ ਗੁਰੂ ਅਸਤ।**

*[ਗਣੇਸ਼ ਦਾਸ ਦੀ ਲਿਖੀ 'ਚਾਰ ਬਾਗ ਪੰਜਾਬ' ਪੁਸਤਕ 'ਚੋਂ]*

੭. **ਗੁਰੂ ਖਾਲਸਾ ਰੂਪ ਮਮ ਸੋ ਗੁਰ ਪ੍ਰਗਟ ਮਹਾਨ।**
**ਮੇਰੇ ਮਿਲਬੋ ਚਹਤ ਸਿਖ ਮਿਲੇ ਖਾਲਸੇ ਆਨ।**

*[ਸੁਧਰਮ ਮਾਰਗ ਗ੍ਰੰਥ, ਅਧਿ.-੫]*

ਖ਼ਾਲਸਾ ਕਹਿੰਦੇ ਕਿਸ ਨੂੰ ਹਨ ?

**ਆਤਮ ਰਸ ਜੇ ਜਾਨਹੀ ਸੋ ਹੈ ਖ਼ਾਲਸ ਦੇਵ॥**
**ਪ੍ਰਭੁ ਮਹਿ ਮੋ ਮਹਿ ਤਾਸ ਮਹਿ ਰੰਚਿਕ ਨਾਹਿਨ ਭੇਵ॥੧॥**

*[ਸ੍ਰੀ ਸਰਬ ਲੋਹ ਗ੍ਰੰਥ ਸਾਹਿਬ ਜੀ, ਪੰਨਾ-੬੬੯]*

ਪੰਜ ਪਿਆਰਿਆਂ ਦੇ ਸਥਾਪਨ ਕਰਨ ਦਾ ਭਾਵ ਇਹ ਵੀ ਸੀ ਕਿ ਜਿਸ ਤਰ੍ਹਾਂ ਪਹਿਲੇ ਸਤਿਗੁਰਾਂ ਦੇ ਨਾਲ, ਗੁਰੂ ਘਰ ਦਾ ਕਾਰੋਬਾਰ ਚਲਾਉਣ ਵਾਸਤੇ ਮਸੰਦ ਆਦਿ ਹੁੰਦੇ ਸਨ। ਦਸਮ ਗੁਰੂ ਜੀ ਨੇ ਮਸੰਦਾਂ ਵਾਲਾ ਸਿਲਸਲਾ ਬੰਦ ਕਰ ਦਿੱਤਾ:

**ਸ਼ਬਦ ਸੁਰਤਿ ਲਿਵ ਗੁਰ ਸਿੱਖ ਸੰਧਿ ਮਿਲੇ;**
**ਪੰਚ ਪਰਪੰਚ ਮਿਟੇ ਪੰਚ ਪਰਧਾਨੇ ਹੈਂ॥**

*[ਕਬਿੱਤ ਸ੍ਵੈਯੇ ਭਾਈ ਗੁਰਦਾਸ ਜੀ, ੨੯ਵਾਂ ਕਬਿੱਤ]*

ਸ੍ਰੀ ਗੁਰੂ ਨਾਨਕ ਦੇਵ ਜੀ ਵਾਲਾ ਜੋ ਸਿਧਾਂਤ ਸੀ, ਅਸੂਲ ਸੀ, ਪਰੰਪਰਾ ਸੀ:

**ਪੰਚ ਪਰਵਾਣ ਪੰਚ ਪਰਧਾਨੁ॥** *[ਜਪੁ ਜੀ ਸਾਹਿਬ, ਅੰਗ-੩]*

ਵਾਲੀ, ਓਸੇ ਪੰਚਇਤੀ ਰਾਜ ਵਰਗੀ ਪਰੰਪਰਾ ਨੂੰ ਚਾਲੂ ਰੱਖਦਿਆਂ, ਸਤਿਗੁਰੂ ਦਸਮ ਪਾਤਸ਼ਾਹ ਜੀ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ, ਪੰਜ ਪਿਆਰੇ ਕਾਇਮ ਕੀਤੇ ਕਿ ਜੋ ਸਤਿਗੁਰਾਂ ਦੀ, ਗੁਰੂ ਘਰ ਦੀ ਮਰਯਾਦਾ ਹੈ। ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਹੈ, ਉਸ ਦਾ ਅੱਗੇ ਪੰਜ ਪਿਆਰੇ ਸੰਗਤਾਂ ਵਿਚ ਪ੍ਰਚਾਰ ਕਰਨਗੇ ਅਤੇ ਉਸ ਪਰੰਪਰਾ ਨੂੰ ਅੱਗੇ ਪ੍ਰਚੱਲਤ ਰੱਖਣਗੇ।

ਅੱਗੇ 'ਪੁਰਖ ਗੁਰੂ' ਕਿਤਾਬ ਵਿਚ ਇਹ ਵੀ ਲਿਖਿਆ ਹੈ ਕਿ ਅੰਗਰੇਜ਼ਾਂ ਨੇ ਆਪਣੇ ਖੁਸ਼ਾਮਦੀ ਵਿਦਵਾਨਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਕਹਾਉਣਾ ਸ਼ੁਰੂ ਕਰਵਾਇਆ। ਇਨ੍ਹਾਂ ਨੂੰ ਕੋਈ ਪੁੱਛੇ ਕਿ ਜਦੋਂ ਗੁਰੂ ਜੀ ਨੇ ਖ਼ੁਦ ਆਪ ਕਿਹਾ ਹੈ ਕਿ :-

**ਬਾਣੀ ਗੁਰੂ ਗੁਰੂ ਹੈ ਬਾਣੀ;**
**ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰਬਾਣੀ ਕਹੈ ਸੇਵਕੁ ਜਨੁ ਮਾਨੈ;**
**ਪਰਤਖਿ ਗੁਰੂ ਨਿਸਤਾਰੇ ॥੫॥**

*[ਨਟ ਮਹਲਾ ੪, ਅੰਗ-੯੮੨]*

ਫਿਰ ਹੋਰ ਕਿਹੜੇ ਵਿਦਵਾਨਾਂ ਤੋਂ ਕਹਾਇਆ ਹੈ? ਅਤੇ ਗੁਰੂ ਜੀ ਨੇ ਜਦੋਂ ਇਹ ਪੰਗਤੀਆਂ ਉਚਾਰਨ ਕੀਤੀਆਂ ਸਨ, ਉਦੋਂ ਅੰਗਰੇਜ਼ ਇਥੇ ਕਿੱਥੇ ਸਨ? ਅਤੇ ਇਨ੍ਹਾਂ ਤੋਂ ਇਹ ਵੀ ਪੁੱਛਣਾ ਬਣਦਾ ਹੈ ਕਿ ਕਿਸ ਦੀ ਖੁਸ਼ਾਮਦ ਕਰਦਿਆਂ ਗੁਰੂ ਜੀ ਨੇ ਪੰਗਤੀਆਂ ਲਿਖੀਆਂ ਹਨ ਕਿ :-

**ਸਤਿਗੁਰ ਬਚਨ ਬਚਨ ਹੈ ਸਤਿਗੁਰ;**
**ਪਾਧਰੁ ਮੁਕਤਿ ਜਨਾਵੈਗੋ ॥੫॥**

*[ਕਾਨੜਾ ਮਹਲਾ ੪, ਅੰਗ-੧੩੦੯]*

'ਪੁਰਖ ਗੁਰੂ' ਕਿਤਾਬ ਵਿਚ ਇਹ ਵੀ ਲਿਖਿਆ ਹੈ ਕਿ ਅੰਗਰੇਜ਼ਾਂ ਨੇ ਆਪਣੇ ਅਜਮਾਏ ਹੋਏ ਤੇ ਵਰੋਸਾਏ ਹੋਏ ਸਿੱਖ ਸਰਦਾਰਾਂ ਨੂੰ ਇਹ



ਗੱਲ ਸਮਝਾਈ ਕਿ ਭਾਈ ਰਾਮ ਸਿੰਘ ਨੂੰ ਗੁਰੂ ਮੰਨਣ ਦੀ ਲੋੜ ਨਹੀਂ। ਨੰਦੇੜ ਵਿਚ ਦਸਮੇਸ਼ ਜੀ ਦਾ ਜੋਤੀ ਜੋਤਿ ਸਮਾਉਣਾ ਨਿਸ਼ਚਿਤ ਕਰਕੇ, ਐਲਾਨ ਕੀਤਾ ਜਾਵੇ ਕਿ ਕੋਈ ਵੀ ਦੇਹਧਾਰੀ ਸਿੱਖਾਂ ਦਾ ਗੁਰੂ ਨਹੀਂ ਹੋ ਸਕਦਾ। ਇਸ ਗੱਲ ਦਾ ਪ੍ਰਚਾਰ ਕੀਤਾ ਜਾਵੇ।

ਇਨ੍ਹਾਂ ਨੂੰ ਕੋਈ ਪੁੱਛੇ ਕਿ ਅੰਗਰੇਜ਼ਾਂ ਦੇ ਕਹਿਣ 'ਤੇ ਹੀ ਸਿੱਖਾਂ ਨੇ ਇਹ ਨਿਸਚਾ ਕੀਤਾ ਸੀ ਕਿ ਦਸਮ ਪਾਤਸ਼ਾਹ ਜੀ ਨੰਦੇੜ ਵਿਚ ਜੋਤੀ ਜੋਤਿ ਸਮਾਏ ਹਨ। ਕੀ ਸਿੱਖਾਂ ਨੂੰ ਇਸ ਗੱਲ ਦਾ ਕੋਈ ਗਿਆਨ ਨਹੀਂ ਸੀ ਕਿ ਗੁਰੂ ਜੀ ਕਿਥੇ ਜੋਤੀ ਜੋਤਿ ਸਮਾਏ ਹਨ?

ਇਹ ਤਾਂ ਇਨ੍ਹਾਂ ਕੂਕਿਆਂ ਨੇ ਹੀ, ਆਪਣਾ ਦੇਹਧਾਰੀ ਗੁਰੂ ਹੋਣਾ ਸਿੱਧ ਕਰਨ ਵਾਸਤੇ ਕਿ ਗੁਰੂ ਜੀ ਜੋਤੀ ਜੋਤਿ ਨਹੀਂ ਸਮਾਏ। ਐਂਵੇ ਬਾਲਕ ਸਿੰਘ ਬਾਰੇ ਝੂਠੀ ਕਹਾਣੀ ਘੜੀ ਹੋਈ ਹੈ, ਜੋ ਸਿੱਖਾਂ ਵਿਚ ਚੱਲ ਨਹੀਂ ਸਕੀ, ਜ਼ੋਰ ਤਾਂ ਇਨ੍ਹਾਂ ਨੇ ਬਥੇਰਾ ਲਾਇਆ ਹੈ। ਪਰ :-

**ਖੁਸ਼ਬੋ ਆ ਨਹੀਂ ਸਕਤੀ ਕਾਗਜ਼ ਕੇ ਫੂਲੋਂ ਸੇ।**
**ਸਚਾਈ ਛੁਪ ਨਹੀਂ ਸਕਤੀ ਬਨਾਵਟ ਕੇ ਅਸੂਲੋਂ ਸੇ।**

*[ਲੇਖਕ]*

ਜਦੋਂ ਸਾਰਾ ਪੰਥ ਹੀ ਇਸ ਗੱਲ ਨੂੰ ਜਾਣਦਾ ਹੈ ਕਿ ਗੁਰਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿੱਤੀ ਹੈ। ਕਿਤਨੇ ਤਵਾਰੀਖਾਂ ਵਾਲਿਆਂ ਦਾ ਲਿਖਿਆ ਪਿਆ ਹੈ, ਤੇ ਫਿਰ ਅੰਗਰੇਜ਼ਾਂ ਨੇ ਕਿਸ ਦਾ ਪ੍ਰਚਾਰ ਕਰਨ ਲਈ ਕਹਿਣਾ ਸੀ?

ਇਉਂ ਸਿੱਖਾਂ ਦਾ ਗੁਰੂ ਦੇਹਧਾਰੀ ਨਹੀਂ ਹੋ ਸਕਦਾ। ਧੰਨ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਿੱਖਾਂ ਦੇ ਸਰਬ ਸ੍ਰੇਸ਼ਟ ਸਤਿਗੁਰੂ ਹਨ।

# ਦੇਹਧਾਰੀ ਗੁਰੂ

ਏਨਾ ਕੁਝ ਕਹਿਣ ਦੇ ਬਾਵਜੂਦ, ਜੇ ਫਿਰ ਵੀ ਕੋਈ 'ਮੈਂ ਨਾ ਮਾਨੂੰ' ਵਾਲੀ ਰਟ ਲਾਈ ਰੱਖੇ, ਖਹਿੜਾ ਕਰੇ ਕਿ ਸਿੱਖ ਦੇਹਧਾਰੀ ਨੂੰ ਗੁਰੂ ਕਿਉਂ ਨਹੀਂ ਮੰਨਦੇ, ਅਸੀਂ ਦੇਹਧਾਰੀ ਨੂੰ ਗੁਰੂ ਮੰਨਦੇ ਹਾਂ। ਤਾਂ ਸਾਡਾ ਜਵਾਬ ਉਹਨਾਂ ਨੂੰ ਇਹ ਹੈ ਕਿ ਅਸੀਂ ਤਾਂ ਦੇਹਧਾਰੀ ਨੂੰ ਗੁਰੂ ਮੰਨਦੇ ਹਾਂ, ਤੁਸੀਂ ਸਗੋਂ ਦੇਹ ਨੂੰ ਗੁਰੂ ਮੰਨਦੇ ਹੋ ਕਿਉਂਕਿ ਦੇਹਧਾਰੀ ਤਾਂ ਇਕੋ ਇਕ ਅਕਾਲ ਪੁਰਖ ਹੈ, ਜਿਸ ਨੇ ਸਾਰੀਆਂ ਦੇਹਾਂ ਧਾਰੀਆਂ ਹਨ, ਉਹੀ ਸਾਡਾ ਗੁਰੂ ਹੈ। ਯਥਾ :-

੧. **ਹਰਿ ਗੁਰ ਮੂਰਤਿ ਏਕਾ ਵਰਤੈ;**
**ਨਾਨਕ ਹਰਿ ਗੁਰ ਭਾਇਆ ॥**

*[ਮਾਰੂ ਮਹਲਾ ੧, ਅੰਗ-੧੦੪੩]*

ਹਰੀ ਤੇ ਗੁਰੂ ਇਕੋ ਸਰੂਪ ਹੋ ਕੇ ਵਰਤਦੇ ਹਨ ਤੇ ਸਾਨੂੰ ਅਕਾਲ ਪੁਰਖ ਹੀ ਗੁਰੂ ਭਾਉਂਦਾ ਹੈ।

੨. **ਬਲਿਓ ਚਰਾਗੁ ਅੰਧ੍ਯਾਰ ਮਹਿ;**
**ਸਭ ਕਲਿ ਉਧਰੀ ਇਕ ਨਾਮ ਧਰਮ ॥**
**ਪ੍ਰਗਟੁ ਸਗਲ ਹਰਿ ਭਵਨ ਮਹਿ;**
**ਜਨੁ ਨਾਨਕੁ ਗੁਰ ਪਾਰਬ੍ਰਹਮ ॥੯॥**

*[ਸਵਈਏ ਸ੍ਰੀ ਮੁਖਬਾਕ੍ ਮਹਲਾ ੫, ਅੰਗ-੧੩੮੭]*

੩. **ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ;**
**ਤੇਰਿਆ ਚਰਣਾ ਕਉ ਬਲਿਹਾਰਾ ॥੪॥**

*[ਸੂਹੀ ਮਹਲਾ ੫, ਅੰਗ-੭੪੭]*

੪. **ਤਤੁ ਨਿਰੰਜਨੁ ਜੋਤਿ ਸਬਾਈ;**
**ਸੋ ਹੰ ਭੇਦੁ ਨ ਕੋਈ ਜੀਉ ॥**



**ਅਪਰੰਪਰ ਪਾਰਬ੍ਰਹਮੁ ਪਰਮੇਸਰੁ;**
**ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥**

*[ਸੋਰਠਿ ਮਹਲਾ ੧, ਅੰਗ-੫੯੯]*

੫. **ਗੁਰ ਗੋਬਿੰਦ ਗੋਪਾਲ ਗੁਰ; ਗੁਰ ਪੂਰਨ ਨਾਰਾਇਣਹ ॥**

*[ਜੈਤਸਰੀ ਵਾਰ ਮਹਲਾ ੫, ਅੰਗ-੭੧੦]*

੬. **ਗੁਰ ਹਰਿ ਮਿਲਿਆ ਭਗਤਿ ਦ੍ਰਿੜਾਈ ॥੪॥**

*[ਆਸਾ ਮਹਲਾ ੧, ਅੰਗ-੩੫੬]*

੭. **ਸਤਿਗੁਰੁ ਪਰਮੇਸਰੁ ਮੇਰਾ ॥** *[ਰਾਮਕਲੀ ਮਹਲਾ ੫, ਅੰਗ-੮੮੪]*

ਦਸਮ ਪਿਤਾ ਜੀ ਵੀ ਫ਼ੁਰਮਾਉਂਦੇ ਹਨ :-

**ਆਦਿ ਅੰਤਿ ਏਕੈ ਅਵਤਾਰਾ ॥**
**ਸੋਈ ਗੁਰੂ ਸਮਝਿਯਹੁ ਹਮਾਰਾ ॥੩੮੫॥**

*[ਦਸਮ, ਅੰਗ-੧੩੮੭]*

ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਕਥਨ ਕਰਦੇ ਹਨ :

**ਸਹਸ ਤਵ ਨੈਨ**=ਸਰਗੁਣ ਸਰੂਪ ਵਿਚ ਹਜ਼ਾਰਾਂ ਹੀ ਆਪ ਜੀ ਦੇ ਨੇਤਰ ਹਨ। ਭਾਵ, ਜੋ ਸਰਬ ਜੀਆਂ ਦੇ ਨੇਤਰ ਹਨ, ਇਹੀ ਤੇਰੇ ਹਜ਼ਾਰਾਂ ਨੇਤਰ ਹਨ।

**ਨਨ ਨੈਨ ਹਹਿ ਤੋਹਿ ਕਉ**=ਨਿਰਗੁਣ ਸਰੂਪ ਵਿਚ ਤੇਰਾ ਕੋਈ ਵੀ ਨੇਤਰ ਨਹੀ ਹੈ।

**ਸਹਸ ਮੂਰਤਿ**=ਸਰਗੁਣ ਸਰੂਪ ਧਾਰ ਕੇ ਹਜ਼ਾਰਾਂ ਮੂਰਤਾਂ ਧਾਰ ਲੈਂਦਾ ਹੈਂ। ਭਾਵ ਜੋ ਸਰਬ ਜੀਆਂ ਦੀਆਂ ਮੂਰਤਾਂ ਹਨ, ਇਹੀ ਤੇਰੀਆਂ ਹਜ਼ਾਰਾਂ ਮੂਰਤਾਂ ਹਨ :-

**ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ॥**

*[ਗੂਜਰੀ ਵਾਰ ਮਹਲਾ ੫, ਅੰਗ-੫੧੯]*

ਤੋਂ ਛਕਦਾ, ਜੋ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦੀ ਹੋਵੇ। ਇਕ ਸਮੇਂ ਜਦੋਂ ਸੰਗਤ ਨੇ ਭਾਈ ਬੁੱਧੂ ਦੇ ਘਰ ਭੋਜਨ ਛਕ ਕੇ ਅਰਦਾਸਾ ਕੀਤਾ ਕਿ ਭਾਈ ਬੁੱਧੂ ਦਾ ਆਵਾ ਪੱਕਾ ਹੋਵੇ, ਤਾਂ ਬਾਹਰ ਖਲੋਤਿਆਂ ਭਾਈ ਲੱਖੂ ਨੇ ਕਹਿ ਦਿੱਤਾ ਕਿ ਕੱਚਾ ਰਹੇਗਾ। ਬੁੱਧੂ ਕਹਿਣ ਲੱਗਾ, "ਜਦੋਂ ਗੁਰੂ ਜੀ ਨੇ ਪੱਕਾ ਹੋਣ ਦਾ ਬਚਨ ਕਰ ਦਿੱਤਾ ਹੈ, ਫਿਰ ਕੱਚਾ ਕਿਵੇਂ ਰਹਿ ਸਕਦਾ ਹੈ।" ਤਾਂ ਭਾਈ ਲੱਖੂ ਕਹਿੰਦਾ ਜੇ ਨਹੀਂ ਯਕੀਨ ਤਾਂ ਵੇਖ ਲਵੀਂ ਫਿਰ। ਜਦੋਂ ਆਵਾ ਦੇਖਿਆ ਤਾਂ ਸੱਚਮੁੱਚ ਹੀ ਆਵਾ ਕੱਚਾ ਸੀ। ਫਿਰ ਘਬਰਾ ਕੇ ਭਾਈ ਬੁੱਧੂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਗੁਰੂ ਪੰਚਮ ਪਾਤਸ਼ਾਹ ਜੀ ਪਾਸ ਆ ਕੇ ਬੇਨਤੀ ਕੀਤੀ, "ਆਵਾ ਤਾਂ ਜੀ ਕੱਚਾ ਰਹਿ ਗਿਆ ਹੈ, ਭਾਈ ਲੱਖੂ ਦੇ ਕਹਿਣ ਕਰਕੇ।" ਗੁਰੂ ਜੀ ਨੇ ਕਿਹਾ, "ਜੇ ਭਾਈ ਲੱਖੂ ਨੇ ਕਹਿ ਦਿੱਤਾ ਹੈ, ਫਿਰ ਪੱਕਾ ਨਹੀਂ ਹੋ ਸਕਦਾ, ਉਹ ਤਾਂ ਹਰ ਵਕਤ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦਾ ਰਹਿੰਦਾ ਹੈ। ਭਾਈ ਬੁੱਧੂ ਨੇ ਕਿਹਾ, "ਜੀ! ਫਿਰ ਮੇਰਾ ਕੀ ਹਾਲ ਹੋਵੇਗਾ।" ਗੁਰੂ ਜੀ ਨੇ ਕਿਹਾ, "ਰਹੇਗਾ ਤਾਂ ਕੱਚਾ ਹੀ, ਪਰ ਪੱਕਿਆਂ ਦੇ ਭਾਅ ਵਿਕ ਜਾਵੇਗਾ। ਇਸ ਤਰ੍ਹਾਂ ਤੇਰਾ ਵੀ ਮਸਲਾ ਹੱਲ ਹੋ ਜਾਵੇਗਾ।"

ਸਤਿਗੁਰੂ ਛੇਵੇਂ ਪਾਤਸ਼ਾਹ ਜੀ ਭਾਈ ਗੋਪਾਲੇ ਤੋਂ ਸ੍ਰੀ ਜਪੁਜੀ ਸਾਹਿਬ ਦਾ ਸ਼ੁੱਧ ਪਾਠ ਸੁਣ ਕੇ ਉਸ ਨੂੰ ਗੁਰਤਾ ਗੱਦੀ ਹੀ ਦੇਣ ਲੱਗੇ ਸਨ। ਐਸਾ ਮਹਾਤਮ ਹੈ, ਸ੍ਰੀ ਜਪੁਜੀ ਸਾਹਿਬ ਜੀ ਦੇ ਸ਼ੁੱਧ ਪਾਠ ਕਰਨ ਦਾ।

ਪ੍ਰੋਫੈਸਰ ਪੂਰਨ ਸਿੰਘ ਜੀ ਨੇ ਵੀ ਲਿਖਿਆ ਹੈ ਕਿ ਮੇਰੇ ਦਿਮਾਗ ਵਿਚ ਨੁਕਸ ਪੈ ਗਿਆ। ਬੜੇ ਬੜੇ ਡਾਕਟਰ ਸਾਰਾ ਜ਼ੋਰ ਲਾ ਚੁੱਕੇ, ਪਰ ਠੀਕ ਨਾ ਹੋਇਆ। ਕਹਿੰਦੇ ਮੇਰੀ ਮਾਤਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਦੀ ਹੁੰਦੀ ਸੀ। ਮੈਨੂੰ ਕਹਿੰਦੀ ਪੂਰਨ ਸਿੰਘ! ਮੇਰੀ ਦਵਾਈ ਵਰਤ ਕੇ ਵੇਖ। ਉਸ ਨੇ ਜਲ ਕੋਲ ਰਖ ਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ



ਕਰਨਾ, ਉਹ ਜਲ ਮੈਨੂੰ ਪਿਆ ਦੇਣਾ। ਅੱਜ ਹੋਰ, ਕੱਲ੍ਹ ਹੋਰ, ਇਸ ਤਰ੍ਹਾਂ ਮੇਰਾ ਦਿਮਾਗ ਪੂਰਾ ਠੀਕ ਹੋ ਗਿਆ ਸੀ।

ਅੱਜ ਕੱਲ੍ਹ ਵੀ ਗੁਰਮੁਖਿ ਗੁਰਸਿੱਖਾਂ ਨੇ ਇਕ ਸੰਸਥਾ ਬਣਾਈ ਹੋਈ ਹੈ, ਉਹ ਵੀ :-

**ਸਰਬ ਰੋਗ ਕਾ ਅਉਖਦੁ ਨਾਮੁ ॥**

*[ਗਉੜੀ ਸੁਖਮਨੀ ਮਃ ੫, ਅੰਗ-੨੭੪]*

'ਤੇ ਪੂਰਾ ਵਿਸ਼ਵਾਸ ਕਰਕੇ, ਅਨੇਕਾਂ ਨੂੰ ਅਰੋਗਤਾ ਵਾਲਾ ਜੀਵਨ ਦੇ ਰਹੇ ਹਨ।

ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਵੀ ਭਾਈ ਜੰਗ ਸਿੰਘ (ਜਿਉਣਾ ਮੌੜ) ਜੋ ਜਥੇ ਵਿਚ ਰਹਿੰਦਾ ਹੁੰਦਾ ਸੀ। ਉਸ ਦੀ ਮਿਰਗੀ ਉਸ ਪਾਸੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾ ਕੇ ਹਟਾਈ ਸੀ। ਇਸੇ ਤਰ੍ਹਾਂ ਹੀ ਇਕ ਮਾਝੇ ਦਾ ਭੁਜੰਗੀ ਸੀ, ਉਸ ਦੀ ਮਿਰਗੀ ਵੀ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਨ ਨਾਲ ਹੀ ਹਟੀ ਸੀ।

ਇਕ ਵਾਰ ਟੀ.ਐਲ. ਵਾਸ਼ਵਾਨੀ ਜੀ ਨੂੰ ਕਿਸੇ ਨੇ ਪੁੱਛਿਆ, "ਨਾਸਤਕਤਾ ਕਿਵੇਂ ਹਟ ਸਕਦੀ ਹੈ?" ਉਨ੍ਹਾਂ ਕਿਹਾ ਕਿ ਸਾਰੇ ਸਕੂਲਾਂ ਕਾਲਜਾਂ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਨਾ ਸ਼ੁਰੂ ਕਰ ਦਿਓ। ਨਾਸਤਕਤਾ ਖੰਭ ਲਾ ਕੇ ਕਿਧਰੇ ਉੱਡ ਜਾਵੇਗੀ।

ਇਕ ਵਾਰ ਦੂਰ ਦੇਸ਼ ਤੋਂ ਆਏ ਇਕ ਸਿੱਖ ਨੇ ਸਤਿਗੁਰੂ ਹਰਿਰਾਏ ਸਾਹਿਬ ਜੀ ਤੋਂ ਪੁੱਛਿਆ ਕਿ ਆਪ ਜੀ ਦੇ ਦੋ ਸਾਹਿਬਜ਼ਾਦੇ ਹਨ। ਬਾਬਾ ਰਾਮ ਰਾਇ ਤੇ ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ। ਇਨ੍ਹਾਂ ਦੋਨਾਂ ਵਿਚੋਂ ਗੁਰਤਾ ਗੱਦੀ ਕਿਸ ਨੂੰ ਦੇਵੋਗੇ? ਤਾਂ ਗੁਰੂ ਜੀ ਨੇ ਕਿਹਾ ਦੋਨੋਂ ਸਾਹਿਬਜ਼ਾਦੇ, ਅੱਡ ਅੱਡ ਕਮਰਿਆਂ ਵਿਚ ਪਾਠ ਕਰਦੇ ਹਨ। ਸਾਡੇ ਪਾਸੋਂ ਆਹ ਸੂਈ ਲੈ ਜਾ। ਕੋਲ ਬੈਠ ਕੇ ਮੰਜੀ ਸਾਹਿਬ ਦੇ ਪਾਵੇ ਨੂੰ ਸੂਈ ਲਾ ਕੇ ਵੇਖ ਲਈਂ, ਪਾਠ ਕਰਦਿਆਂ ਸੂਈ ਢਲ ਕੇ ਜਿਸ ਦੀ ਮੰਜੀ ਸਾਹਿਬ ਦੇ ਵਿਚ

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥**

*[ਸਿਰੀਰਾਗੁ ਮਹਲਾ ੧, ਅੰਗ-੧੫]*

ਗੁਰੂ ਜੀ ਤਾਂ ਇਸ ਧਾਰਨਾ ਦੇ ਧਾਰਨੀ ਸੀ ਕਿ :-

**ਊਚਾ ਚੜੈ ਸੁ ਪਵੈ ਪਇਆਲਾ ॥**
**ਧਰਨਿ ਪੜੈ ਤਿਸੁ ਲਗੈ ਨ ਕਾਲਾ ॥੩॥**

*[ਆਸਾ ਮਹਲਾ ੫, ਅੰਗ-੩੭੪]*

ਜੋ ਲੋਕ ਹੰਕਾਰ ਕਰਕੇ **'ਘਟਾ ਟੋਪ ਘੰਟਾਰ ਨਾਥ'** ਬਣੇ ਬੈਠੇ ਹਨ। ਉਨ੍ਹਾਂ ਨੇ ਆਪ ਤਾਂ ਨਾਮ ਜਪਣਾ ਕੀ ਹੈ, ਉਹ ਤਾਂ ਆਪਣੇ ਸੇਵਕਾਂ ਨੂੰ ਵੀ ਇਹੋ ਕਹਿੰਦੇ ਹਨ ਕਿ ਤੁਹਾਨੂੰ ਨਾਮ ਜਪਣ ਦੀ ਲੋੜ ਨਹੀਂ ਹੈ, ਤੁਹਾਨੂੰ ਤਾਰਨ ਦੇ ਅਸੀਂ ਜ਼ਿੰਮੇਵਾਰ ਹਾਂ। ਇਹ ਲੋਕ ਇਸ ਗੱਲ ਵਲੋਂ ਅੱਖਾਂ ਹੀ ਮੀਟ ਛੱਡਦੇ ਹਨ ਕਿ :-

**ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ ॥**
**ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ ॥੮੯॥**

*[ਸਲੋਕ ਕਬੀਰ ਜੀ, ਅੰਗ-੧੩੬੯]*

ਉਨ੍ਹਾਂ ਦੇ ਮਨ ਵਿਚ ਇਹ ਗੱਲ ਕਦੇ ਆਉਂਦੀ ਹੀ ਨਹੀਂ ਕਿ :-

**ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥**
**ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥**

*[ਮਾਰੂ ਮਹਲਾ ੫, ਅੰਗ-੧੦੦੧]*

ਇਨ੍ਹਾਂ ਲੋਕਾਂ ਦੀ ਹਾਲਤ ਤਾਂ ਉਸ ਮੋਟੇ ਚੂਹੇ ਵਰਗੀ ਹੈ, ਜਿਹੜਾ ਖੁੱਡ ਵਿਚ ਤਾਂ ਪਹਿਲਾਂ ਹੀ ਮਸਾਂ ਵੜਦਾ ਸੀ। ਉਸ ਨੇ ਸਗੋਂ ਨੰਬਰਦਾਰੀ ਦਾ ਛੱਜ ਹੋਰ ਬੰਨ੍ਹ ਲਿਆ ਸੀ। ਯਥਾ :-

**ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ ॥**

*[ਮਲਾਰ ਕੀ ਵਾਰ ਮਹਲਾ ੧, ਅੰਗ-੧੨੮੬]*



ਫਿਰ ਉਹ ਕਿਵੇਂ ਬਚ ਸਕਦਾ ਸੀ। ਮੌਤ ਰੂਪ ਬਿੱਲੀ ਵੀ ਪਹਿਲਾਂ ਉਸੇ ਨੂੰ ਹੀ ਚੁੱਕਦੀ ਹੈ। ਯਥਾ :-

**ਅਹੰਕਾਰਿ ਮੁਏ ਸੇ ਵਿਗਤੀ ਗਏ;**
**ਮਰਿ ਜਨਮਹਿ ਫਿਰਿ ਆਵਹਿ ॥**
**ਹਰਿ ਜੀਉ ਅਹੰਕਾਰੁ ਨ ਭਾਵਈ;**
**ਵੇਦ ਕੂਕਿ ਸੁਣਾਵਹਿ ॥**

*[ਮਾਰੂ ਵਾਰ ਮਹਲਾ ੩, ਅੰਗ-੧੦੮੯]*

ਹੰਕਾਰ ਕਰਕੇ ਆਪ ਵੀ ਫਸਦੇ ਹਨ ਤੇ ਦੂਜਿਆਂ ਸੇਵਕਾਂ ਨੂੰ ਵੀ :-

**ਕੋਪ ਕਰਾਲ ਕੀ ਪਾਵਕ ਕੁੰਡ ਮੈ;**
**ਆਪ ਟੰਗਿਓ ਤਿਮ ਤੋਹਿ ਟੰਗੈ ਹੈ ॥** *[ਦਸਮ, ਅੰਗ-੪੬]*

ਨਾਲ ਹੀ ਟੰਗਾ ਦਿੰਦੇ ਹਨ।

ਜਿਸ ਤਰ੍ਹਾਂ ਜ਼ਿਲਾ ਮੋਗਾ ਦੇ ਪਿੰਡ ਲਧਾਈਕੇ ਵਿਖੇ, ਆਪੇ ਬਣੇ ਹੋਏ ਗੁਰੂ ਨੂੰ ਸੱਪ ਬਣਨਾ ਪਿਆ ਸੀ। ਉਸ ਦੇ ਸੇਵਕ ਕੀੜੇ ਬਣੇ ਹੋਏ ਉਸ ਸੱਪ ਦੇ ਮਾਸ ਨੂੰ ਅੰਦਰੋਂ ਕੱਟ-ਕੱਟ ਕੇ ਖਾ ਰਹੇ ਸਨ। ਉਹ ਬਹੁਤ ਦੁਖੀ ਸੀ। ਸਤਿਗੁਰੂ ਛੇਵੇਂ ਪਾਤਸ਼ਾਹ ਜੀ ਵੱਲ ਸਿੱਧਾ ਹੀ ਆ ਰਿਹਾ ਸੀ। ਗੁਰੂ ਜੀ ਨੇ ਕਿਹਾ, "ਰੋਕਿਓ ਨਾ ਇਸ ਨੂੰ, ਆ ਲੈਣ ਦਿਓ ਸਿੱਧਾ ਹੀ, ਇਹ ਬਹੁਤ ਦੁਖੀ ਹੈ।" ਸਤਿਗੁਰੂ ਜੀ ਨੇ ਸਮੇਤ ਜੋੜੇ ਦੇ ਜਦੋਂ ਉਸ ਦੇ ਸਿਰ ਨੂੰ ਚਰਨ ਛੁਹਾਇਆ ਤਾਂ ਤਰ ਦੀ ਤਰ੍ਹਾਂ ਪਾਟ ਕੇ ਦੋ ਹਿੱਸੇ ਹੋ ਗਿਆ। ਅੰਦਰੋਂ ਅਨੇਕਾਂ ਹੀ ਕੀੜੀਆਂ ਉਸ ਦੇ ਮਾਸ ਨੂੰ ਕੱਟ-ਕੱਟ ਕੇ ਖਾ ਰਹੀਆਂ ਸਨ। ਗੁਰੂ ਜੀ ਨੇ ਚੇਲਿਆਂ ਸਮੇਤ ਉਸਦਾ ਉਧਾਰ ਕੀਤਾ ਸੀ।

ਇਸ ਕਰਕੇ ਇਹੋ ਜਿਹੇ ਆਪੇ ਬਣੇ ਗੁਰੂਆਂ ਤੋਂ ਬਚਣ ਦੀ ਲੋੜ ਹੈ, ਨਹੀਂ ਤਾਂ ਲੈਣੇ ਦੇ ਦੇਣੇ ਪੈ ਜਾਂਦੇ ਹਨ। ਗੁਰ ਸਿੱਖਾਂ ਨੂੰ ਤਾਂ ਜਾਗਤਿ ਜੋਤਿ ਪ੍ਰਤੱਖ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਓਟ ਆਸਰਾ

ਹੈ ਅਤੇ ਤੀਜਾ ਸ੍ਰੀ ਦਮਦਮਾ ਸਾਹਿਬ ਵਾਲਾ ਸਰੂਪ ਹੈ। ਤੁਸੀਂ ਦੱਸੋ ਅਸੀਂ ਤਿੰਨਾਂ ਵਿਚੋਂ ਕਿਹੜਾ ਸਰੂਪ ਛਾਪੀਏ ? ਜਿਸ ਨੂੰ ਸਾਰਾ ਪੰਥ ਮੰਨਦਾ ਹੋਵੇ। ਸੁਣ ਕੇ ਸੰਗਤ ਵਿਚੋਂ ਸਿਆਣਿਆਂ ਨੇ ਕਿਹਾ, "ਗੁਰੂ ਦਾ ਫ਼ੈਸਲਾ ਸਿੱਖ ਨਹੀਂ ਕਰ ਸਕਦੇ। ਗੁਰੂ ਦਾ ਫੈਸਲਾ ਤਾਂ ਗੁਰੂ ਹੀ ਕਰ ਸਕਦਾ ਹੈ।" ਸੰਗਤਾਂ ਨੇ ਕਿਹਾ, "ਅਸੀਂ ਤਿੰਨਾਂ ਸਰੂਪਾਂ ਦੀਆਂ ਤਿੰਨ ਚਿੱਠੀਆਂ ਲਿਖ ਕੇ ਸ੍ਰੀ ਹਰਿਮੰਦਰ ਸਾਹਿਬ ਵਿਚ ਅਰਦਾਸ ਕਰਕੇ, ਹਰਿ ਕੀ ਪਉੜੀ 'ਤੇ ਤਾਰ ਦਿੰਦੇ ਹਾਂ। ਜਿਹੜੀ ਚਿੱਠੀ ਤਰਦੀ ਰਹੀ, ਉਸ ਸਰੂਪ ਨੂੰ ਛਾਪੇ ਵਿਚ ਲਿਆਂਦਾ ਜਾਵੇ। ਸੰਗਤ ਨੇ ਸ੍ਰੀ ਹਰਿਮੰਦਰ ਸਾਹਿਬ ਜਾ ਕੇ ਅਰਦਾਸ ਕੀਤੀ ਕਿ ਹੇ ਸਤਿਗੁਰੂ ਜੀ ! ਇਹ ਫੈਸਲਾ ਹੁਣ ਤੁਸੀਂ ਆਪ ਸਾਨੂੰ ਕਰ ਕੇ ਦੇਣਾ ਹੈ।

ਪਹਿਲਾਂ ਤਾਂ ਤਿੰਨੇ ਚਿੱਠੀਆਂ ਹੀ ਡੁੱਬ ਗਈਆਂ। ਪੌਣੇ ਕੁ ਘੰਟੇ ਬਾਅਦ ਇਕ ਚਿੱਠੀ ਤਰ ਕੇ ਉੱਪਰ ਆਈ। ਜਦੋਂ ਚੁੱਕ ਕੇ ਪੜ੍ਹੀ ਤਾਂ ਉਸ 'ਤੇ ਦਮਦਮੀ ਸਰੂਪ ਲਿਖਿਆ ਹੋਇਆ ਸੀ। ਫਿਰ ਦਮਦਮੀ ਸਰੂਪ ਛਾਪੇ ਵਿਚ ਲਿਆਂਦਾ ਸੀ। ਇਹ ਚਿੱਠੀ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚ ਹੁੰਦੀ ਸੀ, ਪਰ ਹੁਣ ਨਹੀਂ ਹੈ। ਇਹ ਸਾਰੀ ਵਾਰਤਾ ਗਿਆਨੀ ਚੰਦਾ ਸਿੰਘ ਜੀ ਦੇ ਪਹਿਲੇ ਪ੍ਰਯਾਵਾਂ ਦੀ ਭੂਮਿਕਾ ਵਿਚ ਲਿਖੀ ਹੋਈ ਹੈ।

ਇਕ ਵਾਰ ਸ੍ਰੀ ਮੰਜੀ ਸਾਹਿਬ ਸ੍ਰੀ ਅੰਮ੍ਰਿਤਸਰ ਕਥਾ ਕਰਦਿਆਂ ਗਿਆਨੀ ਸੋਭਾ ਸਿੰਘ ਨੇ ਕਹਿ ਦਿੱਤਾ ਕਿ ਰਾਗਮਾਲਾ ਬਾਣੀ ਨਹੀਂ ਹੈ, ਇਹ ਸੁਣ ਕੇ ਸੰਗਤ ਨੂੰ ਬੜਾ ਭਾਰੀ ਦੁੱਖ ਹੋਇਆ ਤੇ ਸੰਗਤ ਨੇ ਉਸੇ ਵਕਤ ਸ੍ਰੀ ਹਰਿਮੰਦਰ ਸਾਹਿਬ ਜਾ ਕੇ ਅਰਦਾਸ ਕੀਤੀ ਕਿ ਜੇ ਤਾਂ ਰਾਗਮਾਲਾ ਬਾਣੀ ਹੈ, ਫਿਰ ਤਾਂ ਅੱਠਾਂ ਦਿਨਾਂ ਤੋਂ ਪਹਿਲਾਂ-ਪਹਿਲਾਂ ਗਿਆਨੀ ਸੋਭਾ ਸਿੰਘ ਦੀ ਜ਼ਬਾਨ ਵਿਚ ਕੀੜੇ ਪੈ ਜਾਣ। ਜੇ ਨਹੀਂ ਬਾਣੀ ਤਾਂ ਫਿਰ ਇਸ ਨੂੰ ਕੁਝ ਨਾ ਹੋਵੇ। ਫਿਰ ਅਸੀਂ ਵੀ ਨਹੀਂ ਪੜ੍ਹਨੀ। ਗਿਆਨੀ ਸੋਭਾ ਸਿੰਘ ਦੀ ਜ਼ਬਾਨ ਵਿਚ ਅੱਠਾਂ ਦਿਨਾਂ ਤੋਂ ਪਹਿਲਾਂ-ਪਹਿਲਾਂ ਕੀੜੇ ਪਏ ਤੇ ਉਸ ਨੇ ਲਿਖਤੀ ਰੂਪ 'ਚ ਮੁਆਫੀ ਮੰਗੀ ਕਿ ਰਾਗਮਾਲਾ ਗੁਰਬਾਣੀ ਹੈ, ਸੰਗਤ ਮੈਨੂੰ ਮੁਆਫ ਕਰ ਦੇਵੇ। ਇਹ ਮੁਆਫੀ ਮੰਗਣ ਵਾਲੀ ਚਿੱਠੀ ਵੀ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚ ਹੁੰਦੀ ਸੀ, ਪਰ ਹੁਣ ਨਹੀਂ ਹੈ। ਅਫ਼ਸੋਸ ਕਿ ਇਹੋ ਜਿਹੀਆਂ ਇਤਿਹਾਸਕ ਚੀਜ਼ਾਂ ਦੀ ਨਾ ਸੰਭਾਲ ਕਰਨ ਕਰਕੇ ਹੀ ਅੱਜ ਇਹੋ ਜਿਹੇ ਰੌਲੇ ਪੈ ਰਹੇ ਹਨ।



## ਨਾਮ ਨੇ ਹੀ ਅਖ਼ੀਰ ਨੂੰ ਤਾਰਨਾ ਹੈ

ਇਹ ਜਿਹੜੇ ਦੇਹਧਾਰੀ ਆਪਣੇ ਆਪ ਨੂੰ ਚੇਤਨ ਤੇ ਸ਼ਬਦ ਨੂੰ ਅਚੇਤਨ ਕਹਿੰਦੇ ਹਨ। ਹੁਣ ਤਾਂ ਭਾਵੇਂ ਇਹ :-

**ਸਣ ਟੋਪੀ ਸਣ ਕੱਪੜੀਂ ਜੁੱਤੇ ਸਣੇ ਖ਼ੁਦਾ।** *[ਲੋਕਕ]*

ਬਣੇ ਹੋਏ, ਕਿਸੇ ਨੂੰ ਕੁਝ ਵੀ ਨਹੀਂ ਜਾਣਦੇ। ਰੱਬ ਨੂੰ ਵੀ ਛੀਂਬਾ ਹੀ ਦੱਸਦੇ ਹਨ। ਪਰ ਅਖ਼ੀਰ ਨੂੰ ਇਨ੍ਹਾਂ ਦਾ ਵੀ ਪਾਰ ਉਤਾਰਾ ਤਾਂ ਨਾਮ ਨੇ ਹੀ ਕਰਨਾ ਹੈ। ਕਿਉਂਕਿ ਅੱਜ ਤੱਕ ਜਿਤਨੇ ਵੀ ਲੋਕ ਤਰੇ ਹਨ। ਸਭ ਦਾ ਨਾਮ ਕਰਕੇ ਹੀ ਉਧਾਰ ਹੋਇਆ ਹੈ। ਯਥਾ :-

੧. **ਨਾਮੇ ਉਧਰੇ ਸਭਿ ਜਿਤਨੇ ਲੋਅ॥**

*[ਭੈਰਉ ਮਹਲਾ ੩, ਅੰਗ-੧੧੨੯]*

੨. **ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ॥**
**ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ॥੨॥**

*[ਧਨਾਸਰੀ ਕਬੀਰ ਜੀ, ਅੰਗ-੬੯੨]*

ਸ਼ਬਦ ਵਿਚ ਬੜੀ ਭਾਰੀ ਤਾਕਤ ਹੈ। ਸ਼ਬਦ ਗੁਰੂ ਹੋਣ ਕਰਕੇ :-

**ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ॥**

*[ਭੈਰਉ ਮਹਲਾ ੧, ਅੰਗ-੧੧੨੫]*

ਦਸਮ ਪਾਤਿਸ਼ਾਹ ਜੀ ਵੀ ਫ਼ੁਰਮਾਉਂਦੇ ਹਨ :-

**ਅਥ ਸਬਦ ਮਹਾਤਮ ਕਬਿ ਬਾਚ ਬਿਸਨੁਪਦ ਪੁੰਨਿਯਾਕੀ ॥**
**ਸਬਦਿ ਗੁਰੂ ਕਾ ਅੰਮ੍ਰਿਤ ਕਹੀਯਤ;**
**ਪੀਅਤਿ ਅਮਰ ਕਰਾਏ ॥**
**ਸਬਦੁ ਗੁਰੂ ਭਉ ਸਾਗਰੁ ਤਰੀਐ;**
**ਪਾਪੀ ਸੁ ਗਤਿ ਕਰਾਏ ॥.....**
**ਜਾ ਕਹ ਸੁਨੇ ਪਾਪ ਤਨ ਨਾਠੇ;**
**ਅਰੋਗ ਹੋਇ ਨਿਜਕਾਏ ॥**
**ਦਾਸ ਗੋਬਿੰਦ ਫ਼ਤਹ ਸਤਿਗੁਰੁ ਤੇ;**
**ਸਬਦਿ ਮਹਿਮਾ ਕੋ ਧਯਾਏ ॥**
**ਸੁਨੈ ਪਢੈ ਹਿਤੁ ਚਿੱਤ ਕੈ ਪ੍ਰਾਨੀ;**
**ਸੁਗਮ ਸੰਸਾਰ ਤਰਾਏ ॥**
**ਸਬਦ ਮਹਾਤਮ ਦੋ ਅਛਰ ਹੈ;**
**ਰਾਮ ਨਾਮ ਮਥ ਗਾਏ ॥੧੪॥**

*[ਸ੍ਰੀ ਸਰਬ ਲੋਹ ਗ੍ਰੰਥ ਸਾਹਿਬ ਜੀ, ਪੰਨਾ-੭੩੫]*

ਜੋ ਦੇਹਧਾਰੀ ਹੋ ਕੇ ਨਾਮ ਨਹੀਂ ਜਪਦਾ, ਸ਼ਬਦ ਦਾ ਅਭਿਆਸ ਨਹੀਂ ਕਰਦਾ। ਫਿਰ ਤਾਂ ਉਸ ਦੇਹ ਨੂੰ ਪਸ਼ੂਆਂ ਤੇ ਪ੍ਰੇਤਾਂ ਨਾਲੋਂ ਵੀ ਮਾੜੀ ਕਿਹਾ ਹੈ। ਯਥਾ :-

**ਪਸੂ ਪਰੇਤ ਮੁਗਧ ਤੇ ਬੁਰੀ ॥**
**ਤਿਸਹਿ ਨ ਬੂਝੈ ਜਿਨਿ ਏਹ ਸਿਰੀ ॥੩॥**

*[ਰਾਮਕਲੀ ਮਹਲਾ ੫, ਅੰਗ-੮੯੦]*

ਇਹ ਵੀ ਲਿਖਿਆ ਹੈ :-

**ਸਗਲ ਸਰੀਰ ਆਵਤ ਸਭ ਕਾਮ ॥**
**ਨਿਹਫਲ ਮਾਨੁਖੁ ਜਪੈ ਨਹੀ ਨਾਮ ॥੩॥**

*[ਗਉੜੀ ਮਹਲਾ ੫, ਅੰਗ-੧੯੦]*



ਫਿਰ ਤਾਂ ਇਸ ਨਾਲੋਂ ਪਸ਼ੂ ਵੀ ਚੰਗੇ ਮੰਨੇ ਹਨ। ਯਥਾ :-

**ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥**
**ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥**

*[ਗੂਜਰੀ ਮਹਲਾ ੧, ਅੰਗ-੪੮੯]*

ਨਾਮ ਜਪੇ ਤੋਂ ਬਿਨਾਂ ਤਾਂ ਆਦਮੀ ਦਾ ਜਿਉਂਦੇ ਰਹਿਣ ਦਾ ਵੀ ਕੋਈ ਖ਼ਾਸ ਮਕਸਦ ਨਹੀਂ ਰਹਿ ਜਾਂਦਾ ਹੈ। ਯਥਾ :-

**ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥**
**ਨਾਮ ਬਿਹੂਨ ਜੀਵਨ ਕਉਨ ਕਾਮ ॥੧॥**

*[ਗਉੜੀ ਮਹਲਾ ੫, ਅੰਗ-੧੮੮]*

ਨਾਮ ਜਪੇ ਤੋਂ ਬਿਨਾਂ ਜਿਉਂਦਾ ਬੰਦਾ ਵੀ ਲੁਹਾਰ ਦੇ ਖੱਲੇ ਵਰਗਾ ਹੀ ਹੁੰਦਾ ਹੈ :-

**ਨਾਮ ਹੀਨ ਅਸ ਸੁਾਸ ਸਹਤਿ ਹੈ।**
**ਜਿਹ ਬਿਧਿ ਭਸਰਾ ਫੂਕ ਬਹਤਿ ਹੈ।**

*[ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ ਅਧਯਾਯ-੧,*
*ਜਿਲਦ-੨, ਪੰਨਾ-੭੨]*

ਗੁਰਬਾਣੀ ਦਾ ਫੁਰਮਾਨ ਹੈ :-

**ਸਲੋਕੁ ॥**
**ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥**
**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥**

*[ਗਉੜੀ ਬਾਵਨ ਅਖਰੀ ਮਹਲਾ ੫, ਅੰਗ-੨੫੩]*

ਅਤਿਅੰਤ ਸੋਹਣਾ, ਉੱਚੀ ਕੁਲ ਹੋਣੀ, ਵਾਕਾਂ ਕਰਕੇ ਚਤੁਰ ਹੋਣਾ, ਮੁਖੋਂ ਗਿਆਨ ਦੀਆਂ ਗੱਲਾਂ ਕਰਨੀਆਂ ਤੇ ਧਨ ਵਾਲਾ ਹੋਣਾ, ਇਹ ਪੰਜ ਚੀਜ਼ਾਂ ਕਿਸੇ ਇਕ ਬੰਦੇ ਵਿਚ ਨਹੀਂ ਹੋ ਸਕਦੀਆਂ। ਇਹ ਤਾਂ ਅੱਡ ਅੱਡ ਪੰਜ ਦੇਸ਼ਾਂ ਵਿਚੋਂ ਸਾਨੂੰ ਮਿਲਦੀਆਂ ਹਨ।

ਪੈਰਸ ਦੇ ਲੋਕ ਆਪਣੇ ਆਪ ਨੂੰ ਸੋਹਣਾ ਮੰਨਦੇ ਹਨ। ਜਪਾਨ ਦੇ ਲੋਕ ਆਪਣੇ ਆਪ ਨੂੰ ਉੱਚੀ ਕੁੱਲ ਵਾਲਾ ਮੰਨਦੇ ਹਨ। ਅੰਗਰੇਜ਼ ਆਪਣੇ ਆਪ ਨੂੰ ਚਤੁਰ ਮੰਨਦੇ ਹਨ। ਰੂਸ ਵਾਲੇ ਆਪਣੇ ਆਪ ਨੂੰ ਮੁੱਖ ਦੇ ਗਿਆਨੀ ਮੰਨਦੇ ਹਨ। ਅਮਰੀਕਾ ਵਾਲੇ ਆਪਣੇ ਆਪ ਨੂੰ ਧਨੀ ਮੰਨਦੇ ਹਨ।

ਪਰ ਰੱਬ ਦੀ ਅਤਿਅੰਤ ਕਿਰਪਾ ਕਰਕੇ, ਇਹ ਪੰਜੇ ਚੀਜ਼ਾਂ ਕਿਸੇ ਇਕ ਬੰਦੇ ਵਿਚ ਹੋ ਵੀ ਜਾਣ। ਫਿਰ ਵੀ ਭਗਵੰਤ ਦੀ ਪ੍ਰੀਤੀ ਤੋਂ ਬਿਨਾਂ, ਉਸ ਨੂੰ ਮਰਿਆਂ ਦੀ ਗਿਣਤੀ ਵਿਚ ਹੀ ਮੰਨਿਆ ਹੈ।

ਜਿਹੜਾ ਦੇਹਧਾਰੀ ਗੁਰੂ ਹੋਣ ਦਾ ਹੰਕਾਰ ਕਰਦਾ ਹੈ, ਉਸ ਨੂੰ ਨਾ ਤਾਂ ਪ੍ਰਮੇਸ਼ਰ ਦੀ ਪ੍ਰਾਪਤੀ ਹੋ ਸਕਦੀ ਹੈ। ਕਿਉਂਕਿ :-

**ਜਬ ਹਮ ਹੋਤੇ ਤਬ ਤੂ ਨਾਹੀ.....॥**

*[ਸੋਰਠਿ ਰਵਿਦਾਸ ਜੀ, ਅੰਗ-੬੫੭]*

ਅਤੇ ਨਾ ਹੀ ਉਹ ਮੁਕਤ ਹੋ ਸਕਦਾ ਹੈ। ਇਸ ਬਾਬਤ ਗੁਰਬਾਣੀ ਦਾ ਫੁਰਮਾਨ ਹੈ :-

**ਢੇਰੀ ਜਾ ਮੈ ਜਮਿ ਮਰੈ ਗਰਭ ਜੋਨਿ ਦੁਖ ਪਾਇ॥**

*[ਗਉੜੀ ਬਾਵਨ ਅਖਰੀ ਮਹਲਾ ੫, ਅੰਗ-੨੫੬]*

ਉਹ ਤਾਂ ਆਉਣ ਜਾਣ ਦੇ ਚੱਕਰ ਵਿਚ ਹੀ ਪਿਆ ਰਹਿੰਦਾ ਹੈ।

ਉਰਦੂ ਦੀ ਪੈਂਤੀ ਦੇ ਦੋ ਅੱਖਰ 'ਐਨ' ਅਤੇ 'ਗ਼ੈਨ' ਹਨ। ਇਨ੍ਹਾਂ ਦਾ ਕੇਵਲ ਇਕ ਨੁਕਤੇ ਦਾ ਹੀ ਫ਼ਰਕ ਹੈ। ਜੇ ਨੁਕਤਾ ਲਾ ਦੇਈਏ ਫਿਰ ਤਾਂ 'ਗ਼ੈਨ' ਬਣ ਜਾਂਦੀ ਹੈ ਤੇ ਜੇ ਨੁਕਤਾ ਲਾਹ ਦੇਈਏ ਫਿਰ 'ਐਨ' ਬਣ ਜਾਂਦੀ ਹੈ। ਇਸੇ ਤਰ੍ਹਾਂ ਹੀ ਜਿਨ੍ਹਾਂ ਚਿਰ ਆਦਮੀ ਨੂੰ ਹੰਗਤਾ ਦਾ ਨੁਕਤਾ ਲੱਗਿਆ ਹੋਇਆ ਹੈ ਕਿ :-

**ਹਮ ਬਡ ਕਬਿ ਕੁਲੀਨ ਹਮ ਪੰਡਿਤ;**
**ਹਮ ਜੋਗੀ ਸੰਨਿਆਸੀ॥**



**ਗਿਆਨੀ ਗੁਨੀ ਸੂਰ ਹਮ ਦਾਤੇ;**
**ਇਹ ਬੁਧਿ ਕਬਹਿ ਨ ਨਾਸੀ॥੨॥**

*[ਰਾਮਕਲੀ ਰਵਿਦਾਸ ਜੀ, ਅੰਗ-੯੭੪]*

ਉਤਨਾ ਚਿਰ ਇਹ ਜੀਵ ਭਾਵ ਵਿਚ ਹੀ ਪੈਦਾ ਹੋਇਆ ਰਹਿੰਦਾ ਹੈ।

**ਢੇਰੀ ਢਾਹਹੁ ਸਾਧ ਸੰਗਿ ਅਹੰਬੁਧਿ ਬਿਕਰਾਲ॥**

*[ਗਉੜੀ ਬਾਵਨ ਅਖਰੀ ਮਹਲਾ ੫, ਅੰਗ-੨੫੬]*

ਜਦੋਂ ਸਾਧੂਆਂ ਦੀ ਸੰਗਤ ਵਿਚ ਮਿਲ ਕੇ ਇਸਨੇ ਹਉਮੈਂ ਦੀ ਢੇਰੀ ਢਾਹ ਦਿੱਤੀ। ਭਾਵ ਜਦੋਂ ਇਸ ਦੀ ਹੰਗਤਾ ਮਿਟ ਗਈ। ਫਿਰ ਇਹ ਐਨ ਦੀ ਤਰ੍ਹਾਂ :-

**ਕਹੁ ਕਬੀਰ ਇਹੁ ਰਾਮ ਕੀ ਅੰਸੁ॥**

*[ਗੋਂਡ ਕਬੀਰ ਜੀ, ਅੰਗ-੮੭੧]*

ਹੀ ਹੈ। ਸ਼ਾਸਤ੍ਰ ਦਾ ਲੇਖ ਹੈ ਕਿ ਜੋ ਦੇਹ ਅਭਿਮਾਨੀ ਪੁਰਖ ਹੈ, ਉਸ ਨੂੰ ਸੌ ਗਊਆਂ ਮਾਰਨ ਜਿੰਨਾ ਪਾਪ ਲੱਗਦਾ ਹੈ। ਜੋ ਬਿਨਾਂ ਗੁਣਾਂ ਤੋਂ ਹੀ ਭੁਕਾਨੇ ਦੀ ਤਰ੍ਹਾਂ, ਹੰਕਾਰ ਦੀ ਹਵਾ ਨਾਲ ਫੁੱਲੇ ਹੋਏ, ਦੇਹਧਾਰੀ ਗੁਰੂ ਬਣੇ ਬੈਠੇ ਹਨ। ਉਨ੍ਹਾਂ ਨੂੰ ਗੁਰੂ ਰੂਪ ਗੁਰਬਾਣੀ ਤੋਂ :-

**ਜਾ ਰਹਣਾ ਨਾਹੀ ਐਤੁ ਜਗਿ;**
**ਤਾ ਕਾਇਤੁ ਗਾਰਬਿ ਹੰਢੀਐ॥**

*[ਆਸਾ ਦੀ ਵਾਰ ਮਹਲਾ ੧, ਅੰਗ-੪੭੩]*

ਨਿਮਰਤਾ ਵਾਲੀ ਸਿਖਿਆ ਧਾਰਨ ਕਰਨੀ ਚਾਹੀਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਜਿੰਦਗੀ ਵਿਚ ਕਦੇ ਵੀ ਹੰਕਾਰ ਵਾਲਾ ਬਚਨ ਨਹੀਂ ਕਿਹਾ ਹੈ। ਜਦੋਂ ਵੀ ਬੋਲਦੇ, ਉਦੋਂ ਸਹਿਨਸ਼ੀਲਤਾ ਤੇ ਨਿਮਰਤਾ ਵਾਲੇ ਇਹੋ ਬਚਨ ਬੋਲਦੇ :-

ਲੈਣਾ ਚਾਹੀਦਾ ਹੈ। ਜਿਨ੍ਹਾਂ ਦੇ ਅੱਗੇ ਸਤਿਗੁਰੂ ਦਸਮ ਪਾਤਸ਼ਾਹ ਜੀ ਨੇ, ਪੰਜ ਪੈਸੇ ਤੇ ਨਾਰੀਅਲ ਭੇਟਾ ਕਰਕੇ, ਪੰਜ ਪ੍ਰਕਰਮਾਂ ਕਰ ਕੇ ਕਿਹਾ ਸੀ :

**ਗੁਰੂ ਗ੍ੰਥ ਜੀ ਮਾਨੀਐ ਪ੍ਰਗਟ ਗੁਰਾਂ ਕੀ ਦੇਹ॥**
**ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮੈ ਲੇਹ॥**

*[ਸਾਖੀ ਕਾਰਨ ਕੀ 'ਚੋਂ]*

## ਵਾਹਿਗੁਰੂ ਨਾਮ ਦੀ ਵਿਸ਼ੇਸ਼ਤਾ

ਵਾਹਿਗੁਰੂ ਨਾਮ ਇਸ ਕਰਕੇ ਸ਼੍ਰੋਮਣੀ ਨਾਮ ਹੈ ਕਿ ਇਸ ਵਾਹਿਗੁਰੂ ਨਾਮ ਦੇ ਚੌਹਾਂ ਅੱਖਰਾਂ ਦਾ ਜਾਪ ਖ਼ੁਦ ਆਪ ਪਰਮੇਸ਼ਰ ਨੇ ਕੀਤਾ ਸੀ।

੧. **ਨਾਭਿ ਕਮਲ ਤੇ ਬ੍ਰਹਮਾ ਉਪਜੇ;**
**ਬੇਦ ਪੜਹਿ ਮੁਖਿ ਕੰਠਿ ਸਵਾਰਿ॥**
**ਤਾ ਕੋ ਅੰਤੁ ਨ ਜਾਈ ਲਖਣਾ;**
**ਆਵਤ ਜਾਤ ਰਹੈ ਗੁਬਾਰਿ॥੧॥**

*[ਗੂਜਰੀ ਮਹਲਾ ੧, ਅੰਗ-੪੮੯]*

੨. **ਬ੍ਰਹਮ ਕਮਲ ਪੁਤੁ ਮੀਨ ਬਿਆਸਾ;**
**ਤਪੁ ਤਾਪਨ ਪੂਜ ਕਰਾਵੈਗੋ॥**

*[ਕਾਨੜਾ ਮਹਲਾ ੪, ਅੰਗ-੧੩੦੯]*

ਜਦੋਂ ਕਮਲ ਦੀ ਨਾਲੀ ਤੋਂ ਬ੍ਰਹਮਾ ਦਾ ਜਨਮ ਹੋਇਆ, ਇਹ ਕੰਵਲ ਫੁੱਲ 'ਤੇ ਬੈਠਾ ਸੋਚ ਰਿਹਾ ਸੀ ਕਿ ਇਥੇ ਜਾਂ ਤਾਂ ਮੈਂ ਹਾਂ ਜਾਂ ਪਾਣੀ ਹੈ, ਹੋਰ ਤੀਜੀ ਚੀਜ਼ ਤਾਂ ਕੋਈ ਦਿਸਦੀ ਨਹੀਂ। ਇਸ ਕਰਕੇ ਮੈਂ ਹੀ ਖ਼ੁਦ ਬ੍ਰਹਮ ਹਾਂ। ਬ੍ਰਹਮਾ ਨੂੰ ਅਵਾਜ਼ ਆਈ ਕਿ ਤੂੰ ਬ੍ਰਹਮ ਨਹੀਂ, ਤੈਨੂੰ ਪੈਦਾ ਕਰਨ ਵਾਲੀ ਇਹ ਕੰਵਲ ਫੁੱਲ ਦੀ ਨਾਲੀ ਹੈ, ਜਿਸ 'ਤੇ ਤੂੰ ਬੈਠਾ ਹੈਂ।* ਬ੍ਰਹਮਾ ਨੇ ਸੋਚਿਆ ਕਿ ਮੇਰਾ ਸਰੀਰ ਵੱਡਾ ਹੈ, ਇਹ ਨਾਲੀ

* ਇਹ ਨਾਭ ਕਮਲ ਕੀ ਸੀ ? ਇਹ ਮਹਾਂ ਵਿਸ਼ਨੂੰ ਦੀ ਨਾਭੀ ਤੋਂ ਪੈਦਾ ਹੋਈ ਮਾਇਆ ਹੀ ਸੀ।



ਪਤਲੀ ਹੈ। ਇਸ ਤੋਂ ਮੇਰਾ ਜਨਮ ਕਿਵੇਂ ਹੋ ਸਕਦਾ ਹੈ ? ਫਿਰ ਇਸ ਦੇ ਮਨ ਵਿੱਚ ਆਈ ਕਿ ਨਾਲੀ ਦੇ ਲੱਤ ਮਾਰ ਕੇ ਵੇਖਦੇ ਹਾਂ, ਜੇ ਮੇਰੇ ਲੱਤ ਮਾਰਨ ਤੋਂ ਇਹ ਟੁੱਟ ਗਈ, ਫਿਰ ਮੇਰਾ ਜਨਮ ਇਸ ਤੋਂ ਕਿਵੇਂ ਹੋ ਸਕਦਾ ਹੈ। ਬ੍ਰਹਮਾ ਨੇ ਨਾਲੀ ਦੇ ਲੱਤ ਮਾਰੀ, ਉਹ ਪਾਣੀ ਵਿੱਚ ਹੋਣ ਕਰਕੇ ਪਰੇ ਨੂੰ ਹੋ ਗਈ। ਦੂਜੀ ਵਾਰ ਲੱਤ ਮਾਰਨ ਤੋਂ ਫਿਰ ਪਰੇ ਨੂੰ ਹੋ ਗਈ। ਜਦੋਂ ਤੀਜੀ ਵਾਰ ਲੱਤ ਮਾਰੀ ਤਾਂ ਬ੍ਰਹਮਾ ਉਸ ਨਾਲੀ ਵਿੱਚ ਇਸ ਤਰ੍ਹਾਂ ਘੁੰਮਦਾ ਗਿਆ, ਜਿਸ ਤਰ੍ਹਾਂ ਖੂਹ ਵਿਚ ਸੁੱਟਿਆ ਰੋੜ ਘੁੰਮਦਾ ਜਾਂਦਾ ਹੈ। ਗੁਰਬਾਣੀ ਦਾ ਪ੍ਰਮਾਣ ਹੈ :-

**ਨਾਲਿ ਕੁਟੰਬੁ ਸਾਥਿ ਵਰ ਦਾਤਾ;**
**ਬ੍ਰਹਮਾ ਭਾਲਣ ਸ੍ਰਿਸਟਿ ਗਇਆ॥**
**ਆਗੈ ਅੰਤੁ ਨ ਪਾਇਓ ਤਾ ਕਾ;**
**ਕੰਸੁ ਛੇਦਿ ਕਿਆ ਵਡਾ ਭਇਆ॥੩॥**

*[ਆਸਾ ਮਹਲਾ ੧, ਅੰਗ-੩੫੦]*

ਜਦੋਂ ਬ੍ਰਹਮਾ ਆਪਣੀ ਉਤਪਤੀ ਨੂੰ ਭਾਲਣ ਗਿਆ, ਅਠਾਰਾਂ ਯੁੱਗ ਹੇਠਾਂ ਨੂੰ ਹੀ ਤੁਰਿਆ ਗਿਆ। ਜਦੋਂ ਕਿਤੇ ਪੈਰ ਹੀ ਨਾ ਲੱਗੇ ਤਾਂ ਫਿਰ ਲੱਗਾ ਬੇਨਤੀਆਂ ਕਰਨ ਕਿ ਮੈਂ ਭੁੱਲ ਗਿਆ, ਮੈਨੂੰ ਇੱਥੋਂ ਕੱਢੋ। ਭਾਵੇਂ ਹੇਠਾਂ ਨੂੰ ਚੀਜ਼ ਛੇਤੀ ਜਾਂਦੀ ਹੈ, ਪਰ ਇਸ ਨੂੰ ਅਠਾਰਾਂ ਯੁਗਾਂ ਦੇ ਉਤਨੇ ਸਮੇਂ ਵਿੱਚ ਹੀ ਬਾਹਰ ਕੱਢ ਲਿਆ। ਜਿਸ ਬਾਰੇ ਗੁਰਬਾਣੀ ਦਾ ਪ੍ਰਮਾਣ ਹੈ :-

**ਕੇਤੜਿਆ ਜੁਗ ਧੁੰਧੂਕਾਰੈ॥**
**ਤਾੜੀ ਲਾਈ ਸਿਰਜਣਹਾਰੈ॥**

*[ਮਾਰੂ ਮਹਲਾ ੧, ਅੰਗ-੧੦੨੩]*

ਬ੍ਰਹਮਾ ਨੂੰ ਇਸ ਤਰ੍ਹਾਂ ਜਾਣ ਆਉਣ ਦੇ ਚੱਕਰ ਵਿੱਚ ਪਏ ਹੋਏ ਨੂੰ ਛੱਤੀ ਯੁੱਗ ਬੀਤ ਗਏ। ਇਧਰ ਪਰਮੇਸ਼ਰ ਨੇ ਇੱਕ ਟਕ ਸਮਾਧੀ ਲਾ

**ਨਨਾ ਏਕ ਤੁੋਹੀ**=ਨਿਰਗੁਣ ਸਰੂਪ ਵਿਚ ਇਕ ਵੀ ਮੂਰਤ ਨਹੀਂ ਹੈ।

**ਸਹਸ ਪਦ ਬਿਮਲ**=ਹੇ ਪ੍ਰਮੇਸ਼ਰ! ਸਰਗੁਣ ਸਰੂਪ ਵਿਚ ਤੇਰੇ ਹਜ਼ਾਰਾਂ ਹੀ ਉੱਜਲ ਚਰਨ ਹਨ। ਭਾਵ ਸਰਬ ਜੀਆਂ ਦੇ ਚਰਨ ਤੇਰੇ ਹੀ ਹਜ਼ਾਰਾਂ ਚਰਨ ਹਨ।

**ਨਨ ਏਕ ਪਦ**=ਨਿਰਗੁਣ ਸਰੂਪ ਵਿਚ ਆਪ ਜੀ ਦਾ ਇਕ ਵੀ ਚਰਨ ਨਹੀਂ ਹੈ।

**ਗੰਧ ਬਿਨੁ**=ਨਿਰਗੁਣ ਸਰੂਪ ਵਿਚ ਸੁਗੰਧੀ ਲੈਣ ਵਾਲੀਆਂ ਨਾਸਾਂ ਤੋਂ ਬਗ਼ੈਰ ਹੈਂ।

**ਸਹਸ ਤਵ ਗੰਧ**=ਸਰਗੁਣ ਸਰੂਪ ਵਿਚ ਹਜ਼ਾਰਾਂ ਹੀ ਤੇਰੀਆਂ ਨਾਸਕਾਂ ਹਨ ਸੁਗੰਧੀ ਲੈਣ ਵਾਲੀਆਂ। ਭਾਵ ਜੋ ਸਰਬ ਜੀਆਂ ਦੀਆਂ ਨਾਸਕਾਂ ਹਨ, ਇਹੀ ਤੇਰੀਆਂ ਹਜ਼ਾਰਾਂ ਨਾਸਕਾਂ ਹਨ।

**ਇਵ ਚਲਤ ਮੋਹੀ ॥੨॥**=ਹੇ ਪ੍ਰਮੇਸ਼ਰ! ਇਉਂ ਇਕ ਪਾਸੇ ਹਜ਼ਾਰਾਂ ਰੂਪ ਹਨ ਅਤੇ ਇਕ ਪਾਸੇ ਤੇਰਾ ਕੋਈ ਵੀ ਰੂਪ ਰੰਗ ਜਾਣਿਆ ਨਹੀਂ ਜਾਂਦਾ ਹੈ। ਇਹ ਤੇਰੇ ਕੌਤਕ ਵੇਖ ਕੇ ਸਾਡੀ ਜਗਿਆਸੂਆਂ ਦੀ ਬਿਰਤੀ ਮੋਹਤ ਹੋ ਗਈ ਹੈ:-

**ਲਾਲ ਬਹੁ ਗੁਣਿ ਕਾਮਣਿ ਮੋਹੀ ॥**
**ਤੇਰੇ ਗੁਣ ਹੋਹਿ ਨ ਅਵਰੀ ॥੧॥**

*[ਆਸਾ ਮਹਲਾ ੧, ਅੰਗ-੩੫੯]*

ਇਉਂ ਦੇਹਾਂ ਨੂੰ ਧਾਰਨ ਵਾਲਾ ਅਕਾਲ ਪੁਰਖ ਹੀ ਸਾਡਾ ਗੁਰੂ ਹੈ ਤੇ ਗੁਰਬਾਣੀ ਨਿਰੰਕਾਰ ਦਾ ਸਰੂਪ ਹੈ:-

**ਵਾਹੁ ਵਾਹੁ ਬਾਣੀ ਨਿਰੰਕਾਰ ਹੈ;**
**ਤਿਸੁ ਜੇਵਡੁ ਅਵਰੁ ਨ ਕੋਇ ॥**

*[ਗੂਜਰੀ ਵਾਰ ਮਹਲਾ ੩, ਅੰਗ-੫੧੫]*



# ਗੁਰਬਾਣੀ ਦੀ ਮਹਾਨਤਾ

ਜਦੋਂ ਖੂਹ ਵਿਚ ਡਿੱਗੇ ਭਾਈ ਮੰਞ ਨੂੰ ਬਾਹਰ ਕੱਢਿਆ ਤਾਂ ਉਸ ਵੇਲੇ ਭਾਈ ਮੰਞ ਨੂੰ ਜੱਫੀ ਵਿਚ ਭਰ ਕੇ ਗੁਰੂ ਪੰਚਮ ਪਾਤਸ਼ਾਹ ਜੀ ਨੇ ਕਿਹਾ ਸੀ:-

**ਮੰਞ ਪਿਆਰਾ ਗੁਰੂ ਨੂੰ ਗੁਰ ਮੰਞ ਪਿਆਰਾ।**
**ਮੰਞ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ।**

*[ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ-੨, ਅੰਸੂ-੪੪, ਜਿਲਦ-੬, ਪੰਨਾ-੧੯੨੩]*

ਖੁਸ਼ ਹੋ ਕੇ ਸਤਿਗੁਰੂ ਜੀ ਨੇ ਕਿਹਾ, "ਮੰਗ ਜੋ ਤੇਰੀ ਮਨਸਾ ਹੈ।" ਭਾਈ ਮੰਞ ਜੀ ਨੇ ਕਿਹਾ, "ਕਿਰਪਾ ਕਰੋ ਜਿੰਨੀ ਕਸਉਟੀ ਮੈਨੂੰ ਲਾਈ ਹੈ, ਏਨੀ ਹੋਰ ਨਾ ਕਿਸੇ ਨੂੰ ਲਾਇਓ, ਸਿੱਖੀ ਨਿਭਾਉਣੀ ਔਖੀ ਹੋ ਜਾਵੇਗੀ। ਗੁਰੂ ਜੀ ਨੇ ਕਿਹਾ, "ਠੀਕ ਹੈ। ਕੁਝ ਹੋਰ ਵੀ ਮੰਗ।" ਤਾਂ ਭਾਈ ਮੰਞ ਨੇ ਕਿਹਾ, "ਇਕ ਇਹ ਕਿਰਪਾ ਕਰੋ, ਜਿਸ ਦੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕੰਠ ਹੋਵੇ ਤੇ ਹਰ ਰੋਜ਼ ਪਾਠ ਕਰਦਾ ਹੋਵੇ, ਉਸ ਨੂੰ ਸੱਚਖੰਡ ਵਾਸੀ ਬਣਾ ਦਿਆ ਕਰਿਓ।" 'ਗੁਰਸਿੱਖ ਕਿਆਰੀ' ਗ੍ਰੰਥ ਵਿਚ ਲਿਖਿਆ ਹੈ ਕਿ ਸਤਿਗੁਰੂ ਜੀ ਨੇ ਕਿਹਾ, "ਭਾਈ ਮੰਞ! ਚੰਗਾ ਅਸੀਂ ਸੱਚਖੰਡ ਦੀ ਡਿਓਢੀ ਵਿਚ ਤੇਰੀ ਡਿਊਟੀ ਲਾਈ। ਜਿਸਦੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕੰਠ ਹੋਵੇ ਤੇ ਹਰ ਰੋਜ਼ ਕਰਦਾ ਹੋਵੇ, ਉਸ ਨੂੰ ਤੂੰ ਹੀ ਸੱਚਖੰਡ ਦਾ ਵਾਸੀ ਬਣਾ ਦਿਆ ਕਰੀਂ।

ਪ੍ਰਿਥੀ ਚੰਦ ਦੇ ਪੁੱਤਰ ਮਿਹਰਵਾਨ ਨੇ ਵੀ ਲਿਖਿਆ ਹੈ:-

**ਇਹੁ ਜਪੁ ਕਰਤੇ ਪੁਰਖ ਕਾ ਸਚੁ ਨਾਨਕ ਕੀਆ ਬਖਾਨ।**
**ਜਗਤ ਉਬਾਰਨ ਕਾਰਨੇ ਧੁਰੋਂ ਹੋਆ ਫੁਰਮਾਨ।**

ਭਾਈ ਲੱਖੂ ਲਾਹੌਰ ਵਿਚ ਰਹਿੰਦਾ ਸੀ। ਇਹ ਹਰ ਵਕਤ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦਾ ਰਹਿੰਦਾ ਸੀ। ਪ੍ਰਸ਼ਾਦਾ ਉਸ ਬੀਬੀ

ਕੇ ਨੌਂ-ਨੌਂ ਯੁੱਗਾਂ ਵਿੱਚ ਵਾਵੇ, ਹਾਹੇ, ਗੱਗੇ ਅਤੇ ਰਾਰੇ ਆਦਿ ਚੌਹਾਂ ਅੱਖਰਾਂ ਦਾ ਆਪ ਜਾਪ ਕੀਤਾ।*

ਜਿੰਨ੍ਹਾ ਵਾਵੇ, ਹਾਹੇ, ਗੱਗੇ ਤੇ ਰਾਰੇ ਅੱਖਰ ਦਾ ਪਰਮੇਸ਼ਰ ਨੇ ਆਪ ਜਾਪ ਕੀਤਾ ਸੀ, ਫਿਰ ਉਹਨਾਂ ਚੌਹਾਂ ਅੱਖਰਾਂ ਨੂੰ ਅੱਗੇ ਲਿਖ ਕੇ ਚੌਹਾਂ ਜੁਗਾਂ ਦੇ ਚਾਰ ਨਾਮ ਬਣਾਏ। ਸਤਿਜੁਗ ਵਿੱਚ ਵਾਵੇ ਤੋਂ 'ਵਾਸਦੇਵ', ਤਰੇਤੇ ਵਿੱਚ ਹਾਹੇ ਤੋਂ 'ਹਰਿ', ਦੁਆਪਰ ਵਿੱਚ ਗੱਗੇ ਤੋਂ 'ਗੋਬਿੰਦ', ਕਲਜੁਗ ਵਿੱਚ ਰਾਰੇ ਤੋਂ 'ਰਾਮ' ਨਾਮ ਬਣਾਇਆ। ਇਸ ਤਰ੍ਹਾਂ ਚੌਹਾਂ ਜੁਗਾਂ ਵਿੱਚ ਇਹਨਾਂ ਚਾਰੇ ਅੱਖਰਾਂ ਤੋਂ ਚਾਰ ਨਾਮ ਤਾਂ ਬਣਾਏ, ਪਰ ਇਹਨਾਂ ਚੌਹਾਂ ਅੱਖਰਾਂ ਨੂੰ ਇਕੱਠਿਆਂ ਕਰ ਕੇ ਜੋ ਵਾਹਿਗੁਰੂ ਨਾਮ ਬਣਾਉਣਾ ਸੀ, ਉਹ ਫਿਰ ਵੀ ਗੁਪਤ ਰੱਖਿਆ। ਯਥਾ :-

**ਨਾਮੁ ਰਤਨੁ ਲੈ ਗੁਝਾ ਰਖਿਆ॥**

*[ਮਾਝ ਮਹਲਾ ੫, ਅੰਗ-੧੩੦]*

ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕਲਜੁਗੀ ਜੀਵਾਂ ਦਾ ਉਧਾਰ ਕਰਨ ਵਾਸਤੇ ਚੌਹਾਂ ਜੁਗਾਂ ਦੇ ਚੌਹਾਂ ਨਾਮਾਂ ਦਾ ਪਹਿਲਾ ਪਹਿਲਾ ਅੱਖਰ ਲੈ ਕੇ, ਭਾਵ ਬੀਜ ਰੂਪ ਅੱਖਰ ਲੈ ਕੇ, ਜਿਨ੍ਹਾਂ ਚੌਹਾਂ ਅੱਖਰਾਂ ਦਾ ਨੌਂ-ਨੌਂ ਜੁਗਾਂ ਵਿਚ ਖ਼ੁਦ ਆਪ ਪ੍ਰਮੇਸ਼ਰ ਨੇ ਜਾਪ ਕੀਤਾ ਸੀ, ਓਨ੍ਹਾਂ ਚੌਹਾਂ ਅੱਖਰਾਂ ਦਾ ਇਕੋ 'ਵਾਹਿਗੁਰੂ' ਨਾਮ ਬਣਾਉਣਾ ਕੀਤਾ। ਯਥਾ :-

---

* ਕਈ ਕਹਿੰਦੇ ਹਨ ਕਿ ਇਕ ਅੱਖਰ ਦਾ ਜਾਪ ਕਿਵੇਂ ਹੋ ਸਕਦਾ ਹੈ ? ਗੁਰਬਾਣੀ ਦਾ ਫ਼ੁਰਮਾਨ ਹੈ :-

ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ॥੧॥

*[ਗਉੜੀ ਬਾਵਨ ਅਖਰੀ ਮਹਲਾ ੫, ਅੰਗ-੨੬੧]*

ਜੋਗੀ ਵੀ ਦਸਮ ਦੁਆਰ ਵਿਚ ਸ੍ਵਾਸ ਚੜ੍ਹਾਉਣ ਵੇਲੇ 'ਓਂ' (ਓਅੰਕਾਰ) ਹੀ ਕਹਿੰਦੇ ਹਨ।



੧. **ਹਉ ਬਲਿਹਾਰੀ ਸਤਿਗੁਰ ਅਪੁਨੇ;**
**ਜਿਨਿ ਗੁਪਤੁ ਨਾਮੁ ਪਰਗਾਝਾ॥੨॥**

*[ਜੈਤਸਰੀ ਮਹਲਾ ੪, ਅੰਗ-੬੯੭]*

੨. **ਵੇਦ ਕਤੇਬ ਅਗੋਚਰਾ;**
**ਵਾਹਿਗੁਰੂ ਗੁਰ ਸਬਦੁ ਸੁਣਾਇਆ।**

*[ਭਾਈ ਗੁਰਦਾਸ ਜੀ, ਵਾਰ-੧੨, ਪਉੜੀ-੧੭]*

੩. **ਦੋਹਰਾ॥**
**ਨਿਰਗੁਨ ਸਰਗੁਨ ਨਾਮੁ ਜੋ ਵਾਹਿਗੁਰੂ ਤਿਨ ਮੇਰੁ।**
**ਸਭ ਤੇ ਊਚਾ ਜਾਨੀਏ ਲੇਤਿ ਨ ਕੀਜੈ ਦੇਰਿ॥੬੧॥**

*[ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ ਅਧਯਾਯ-੧, ਜਿਲਦ-੨, ਪੰਨਾ-੯੨]*

ਵਾਹਿਗੁਰੂ ਨਾਮ ਚੌਹਾਂ ਜੁਗਾਂ ਦੇ ਨਾਮਾਂ ਦਾ ਬੀਜ ਰੂਪ ਹੋਣ ਕਰਕੇ ਇਸ ਦਾ ਜਾਪ ਕਰਨ ਨਾਲ ਚੌਹਾਂ ਜੁਗਾਂ ਦੇ ਨਾਮਾਂ ਦਾ ਇਕੱਠਾ ਹੀ ਜਾਪ ਹੋ ਜਾਂਦਾ ਹੈ।

ਜੇ ਚੌਹਾਂ ਜੁਗਾਂ ਦੇ ਨਾਮਾਂ ਦਾ ਪਹਿਲਾ ਅੱਖਰ ਲੈ ਲਈਏ, ਫਿਰ ਮਗਰ ਰਹਿ ਵੀ ਕੀ ਜਾਂਦਾ ਹੈ ? 'ਵਾਸਦੇਵ' ਦਾ ਵਾਵਾ ਲੈ ਲਈਏ, ਫਿਰ ਮਗਰ 'ਸਦੇਵ' ਹੀ ਰਹਿ ਜਾਂਦਾ ਹੈ; 'ਹਰਿ' ਦਾ ਹਾਹਾ ਲੈ ਲਈਏ, ਮਗਰ ਇਕੱਲਾ 'ਰਾਰਾ' ਹੀ ਰਹਿ ਜਾਂਦਾ ਹੈ; 'ਗੋਬਿੰਦ' ਦਾ ਗੱਗਾ ਅੱਖਰ ਲੈ ਲਈਏ ਤਾਂ ਮਗਰ 'ਬਿੰਦ' ਹੀ ਰਹਿ ਜਾਂਦਾ ਹੈ; 'ਰਾਮ' ਦਾ ਰਾਰਾ ਲੈ ਲਈਏ ਤਾਂ ਮਗਰ 'ਮ' ਇਕੱਲਾ ਹੀ ਰਹਿ ਜਾਂਦਾ ਹੈ। ਇਸ ਕਰਕੇ ਚੌਹਾਂ ਜੁਗਾਂ ਦੇ ਵਾਸਦੇਵ ਆਦਿ ਚੌਹਾਂ ਨਾਮਾਂ ਨੂੰ ਪੂਰੇ ਨਾਮ ਦਾ ਦਰਜਾ ਦੇਣ ਵਾਲੇ ਵਾਹਿਗੁਰੂ ਨਾਮ ਦੇ ਵਾਵਾ, ਹਾਹਾ, ਗਗਾ ਤੇ ਰਾਰਾ ਚਾਰੇ ਅੱਖਰ ਹੀ ਹਨ। ਜੇ ਵਾਹਿਗੁਰੂ ਨਾਮ ਦੇ ਚਾਰੇ ਅੱਖਰ ਚੌਹਾਂ ਜੁਗਾਂ ਦੇ ਨਾਮਾਂ ਅੱਗੇ ਨਾ ਲਾਈਏ ਤਾਂ ਇਹ ਨਾਮ ਮੁਕੰਮਲ ਹੀ ਨਹੀਂ ਬਣ ਸਕਦੇ। ਇਸ

**ਤੈਸੇ ਗੁਰ-ਬਚਨ ਸਚਨ ਗੁਰ ਸਿਖਨ ਮੈ;**
**ਜਾਨੀਐ ਮਹਾਤਮ, ਗਏ ਹੀ ਹਰਿ-ਦੁਆਰ ਜੀ ॥੩੭੩॥**

## ਗੁਰੂ ਹੋਣ ਬਾਰੇ ਆਪ ਵੀ ਵਿਸ਼ਵਾਸ ਨਹੀਂ

ਕੂਕੇ ਕੂਕਾਂ ਮਾਰ ਮਾਰ ਕੇ ਕਾਵਾਂ ਰੌਲੀ ਤਾਂ ਬੜੀ ਪਾਉਂਦੇ ਹਨ ਕਿ ਦੇਹਧਾਰੀ ਹੀ ਗੁਰੂ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਹੀਂ। ਪਰ ਇਨ੍ਹਾਂ ਨੂੰ ਕੋਈ ਪੁੱਛੇ ਕਿ ਤੁਹਾਨੂੰ ਤਾਂ ਆਪਣੇ ਆਪ ਦੇ ਗੁਰੂ ਹੋਣ ਬਾਰੇ ਆਪ ਨੂੰ ਵੀ ਵਿਸ਼ਵਾਸ ਨਹੀਂ ਹੈ ਕਿ ਅਸੀਂ ਗੁਰੂ ਹਾਂ, ਫਿਰ ਹੋਰ ਕਿਸੇ ਨੂੰ ਤੁਸੀਂ ਕੀ ਕਹਿ ਸਕਦੇ ਹੋ ਕਿ ਦੇਹਧਾਰੀ ਹੀ ਗੁਰੂ ਹੋ ਸਕਦਾ ਹੈ।

ਇਹ ਕੂਕੇ ਜਦੋਂ ਅਨੰਦ ਕਾਰਜ ਕਰਦੇ ਹਨ, ਉਦੋਂ ਲਾਵਾਂ ਤਾਂ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਪੜ੍ਹਦੇ ਹਨ। ਪਰ ਪ੍ਰਕਰਮਾ ਅੱਗ ਦੀਆਂ ਕਰਵਾਉਂਦੇ ਹਨ। ਇਨ੍ਹਾਂ ਨੂੰ ਕੋਈ ਪੁੱਛੇ ਕਿ ਜੇ ਤੁਹਾਨੂੰ ਆਪਣੇ ਆਪ 'ਤੇ ਗੁਰੂ ਹੋਣ ਦਾ ਵਿਸ਼ਵਾਸ ਹੋਵੇ, ਫਿਰ ਤੁਸੀਂ ਅੱਗ ਦੀਆਂ ਪ੍ਰਕਰਮਾਂ ਕਿਉਂ ਕਰਵਾਉ ? ਇਸ ਕਰਕੇ ਤੁਹਾਨੂੰ ਤਾਂ ਆਪ ਨੂੰ ਵੀ ਵਿਸ਼ਵਾਸ ਨਹੀਂ ਹੈ ਕਿ ਅਸੀਂ ਗੁਰੂ ਹਾਂ ? ਜਿਸ ਅੱਗ ਦੀਆਂ ਤੁਸੀਂ ਪ੍ਰਕਰਮਾ ਕਰਦੇ ਹੋ, ਕੀ ਇਹ ਅੱਗ ਗੁਰੂ ਗ੍ਰੰਥ ਸਾਹਿਬ ਜੀ ਨਾਲੋਂ ਵੱਡੀ ਹੈ ?

ਗੁਰੂ ਨਾਨਕ ਦੇਵ ਜੀ ਦੀ ਸ਼ਾਦੀ ਵੇਲੇ ਪੰਡਤਾਂ ਨੇ ਕਿਹਾ, "ਅੱਗ ਦੀਆਂ ਪ੍ਰਕਰਮਾਂ ਕਰੋ।" ਤਾਂ ਗੁਰੂ ਜੀ ਨੇ ਕਿਹਾ, "ਅੱਗ ਸਾਡਾ ਕੋਈ ਇਸ਼ਟ ਹੈ ? ਅਸੀਂ ਅੱਗ ਦੀਆਂ ਪ੍ਰਕਰਮਾਂ ਕਿਉਂ ਕਰੀਏ ?" ਭਾਈ ਮਨੀ ਸਿੰਘ ਜੀ ਦੀ ਲਿਖਤ ਅਨੁਸਾਰ ਜੋ ਮੂਲ ਮੰਤ੍ਰ ਗੁਰੂ ਜੀ ਅਕਾਲ ਪੁਰਖ ਤੋਂ ਲੈ ਕੇ ਆਏ ਸੀ। ਉਸ ਮੂਲ ਮੰਤ੍ਰ ਨੂੰ ਕਾਗਜ਼ 'ਤੇ ਲਿਖ ਕੇ, ਚੌਂਕੀ



'ਤੇ ਰੱਖ ਕੇ, ਉਪਰ ਰੁਮਾਲਾ ਪਾ ਕੇ, ਸਾਡੇ ਮਾਤਾ ਸੁਲੱਖਣੀ ਜੀ ਸਮੇਤ ਉਸ ਦੀਆਂ ਪ੍ਰਕਰਮਾਂ ਕੀਤੀਆਂ ਸਨ।

ਗੁਰੂ ਅਮਰਦਾਸ ਜੀ ਦੇ ਸਮੇਂ ਸ਼ਾਦੀ ਦੇ ਵਕਤ ਅਨੰਦੁ ਸਾਹਿਬ ਦਾ ਪਾਠ ਕੀਤਾ ਜਾਂਦਾ ਸੀ।

ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਇਕ ਗ਼ਰੀਬ ਜੋੜੀ ਦੀ ਸ਼ਾਦੀ ਦੇ ਸਮੇਂ, ਪੰਡਿਤ ਦੇ ਬਹੁਤੇ ਪੈਸੇ ਮੰਗਣ ਕਰਕੇ ਲਾਵਾਂ ਦਾ ਪਾਠ ਉਚਾਰਨ ਕੀਤਾ ਅਤੇ ਪ੍ਰਕਰਮਾਂ ਉਨ੍ਹਾਂ ਨੇ ਗੁਰੂ ਰਾਮਦਾਸ ਜੀ ਦੀਆਂ ਕੀਤੀਆਂ ਸਨ।

ਸਤਿਗੁਰੂ ਦਸਮ ਪਾਤਸ਼ਾਹ ਜੀ ਨੇ ਸ਼ਾਦੀ ਦੇ ਵਕਤ ਪਾਠ ਲਾਵਾਂ ਦਾ ਤੇ ਪ੍ਰਕਰਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਕਰਨ ਦੀ ਮਰਯਾਦਾ ਤੋਰੀ। ਸ਼ਾਦੀ ਦੇ ਵਕਤ ਪੰਡਤ ਬਹੁਤ ਰੌਲਾ ਪਾਉਂਦੇ ਹੁੰਦੇ ਸਨ ਕਿ ਅੱਗ ਦੇ ਦੁਆਲੇ ਫੇਰੇ ਕਰਨੇ ਹਨ।

ਮਹਾਰਾਜਾ ਨਾਭਾ ਗੁਰਚਰਨ ਸਿੰਘ ਜੀ ਨੇ ਅੰਗਰੇਜ਼ਾਂ ਪਾਸੋਂ ਕਾਨੂੰਨਨ ਤੌਰ 'ਤੇ ਅਨੰਦ ਕਾਰਜ ਦੀ ਮਰਯਾਦਾ ਲਿਖਤੀ ਰੂਪ ਵਿਚ ਪਾਸ ਕਰਵਾਈ, ਤਾਂ ਇਹ ਢਿੱਲੇ ਪਏ ਸਨ। ਨਾਮਧਾਰੀ ਬਾਬਾ ਪ੍ਰਤਾਪ ਸਿੰਘ ਜੀ ਨੇ ਵੀ ਇਸ ਮਸਲੇ ਵਿਚ ਮਹਾਰਾਜੇ ਦੀ ਕਾਫੀ ਮਦਦ ਕੀਤੀ ਸੀ।

## ਸੱਚੇ ਗੁਰੂ ਦੇ ਸੁੱਚੇ ਫੈਸਲੇ

ਇਕ ਵਾਰ ਲਾਹੌਰ ਦੇ ਛਾਪੇ ਖਾਨੇ ਵਾਲਿਆਂ ਨੇ ਸ੍ਰੀ ਅੰਮ੍ਰਿਤਸਰ ਆ ਕੇ ਸੰਗਤ ਪਾਸ ਬੇਨਤੀ ਕੀਤੀ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਪੱਥਰ ਦੇ ਛਾਪੇ ਦੁਆਰਾ ਛਾਪਣਾ ਚਾਹੁੰਦੇ ਹਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਵਕਤ ਤਿੰਨ ਸਰੂਪ ਹਨ, ਕਰਤਾਰਪੁਰ ਵਾਲਾ ਤੇ ਮਾਂਗਟ ਵਾਲਾ, ਜਿਸ ਨੂੰ ਭਾਈ ਬੰਨੋ ਵਾਲਾ ਸਰੂਪ ਕਿਹਾ ਜਾਂਦਾ

ਹੀ ਪ੍ਰਵੇਸ਼ ਕਰ ਗਈ, ਸਮਝ ਲਵੀਂ ਕਿ ਇਹ ਗੁਰਤਾ ਗੱਦੀ ਦੇ ਮਾਲਕ ਹੋਣਗੇ। ਅੱਠਵੇਂ ਪਾਤਸ਼ਾਹ ਜੀ ਦੇ ਪਾਠ ਕਰਨ ਵਾਲੇ ਮੰਜੀ ਸਾਹਿਬ ਦੇ ਪਾਵੇ ਵਿਚ ਸੂਈ ਢਲ ਕੇ ਵਿਚ ਹੀ ਪ੍ਰਵੇਸ਼ ਕਰ ਗਈ ਸੀ। ਇਹ ਹੈ ਗੁਰਬਾਣੀ ਦੀ ਮਹਾਨਤਾ।

ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਦੱਸਿਆ ਕਰਦੇ ਸਨ ਕਿ ਸ੍ਰੀ ਜਪੁਜੀ ਸਾਹਿਬ ਤਾਂ ਬ੍ਰਹਮ ਗਿਆਨ ਵਾਸਤੇ ਹੈ। ਜਾਪੁ ਸਾਹਿਬ ਵਿਚ ਪ੍ਰਮੇਸ਼ਰ ਦੀ ਉਸਤਤੀ ਤੇ ਉਸ ਅਕਾਲ ਪੁਰਖ ਅੱਗੇ ਨਮਸਕਾਰਾਂ ਵਾਸਤੇ ਹੈ। ਸਵੱਯੈ ਵੈਰਾਗ ਵਾਸਤੇ ਹਨ, ਚੌਪਈ ਸਾਹਿਬ ਰੱਖਿਆ ਵਾਸਤੇ ਤੇ ਕਾਮਨਾਵਾਂ ਪੂਰੀਆਂ ਕਰਨ ਵਾਸਤੇ ਹੈ। ਅਨੰਦੁ ਸਾਹਿਬ ਜੀਵਨ ਮੁਕਤੀ ਦੇ ਅਨੰਦ ਵਾਸਤੇ ਹੈ। ਇਕ ਵਾਰ ਸ੍ਰੀ ਅੰਮ੍ਰਿਤਸਰ ਬਾਬਾ ਸ਼ਾਮ ਸਿੰਘ ਜੀ ਦੇ ਡੇਰੇ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ, ਸੰਤ ਮੱਘਰ ਸਿੰਘ ਜੀ ਰਾਮਗੜ੍ਹ (ਜਗਰਾਉਂ), ਸੰਤ ਬਾਬਾ ਸੁੰਦਰ ਸਿੰਘ ਜੀ ਭਿੰਡਰਾਂਵਾਲੇ, ਤਿੰਨੇ ਮਹਾਤਮਾ ਇਕੱਠੇ ਬੈਠੇ ਸਨ। ਸੰਤ ਬਾਬਾ ਅਤਰ ਸਿੰਘ ਜੀ ਕਹਿਣ ਲੱਗੇ, "ਕੋਈ ਐਸਾ ਸਿੱਖ ਹੋਵੇਗਾ, ਜਿਸ ਨੇ ਆਪਣੀ ਜ਼ਿੰਦਗੀ ਵਿਚ ਦਸਾਂ ਸਤਿਗੁਰਾਂ ਦੇ ਦਰਸ਼ਨ ਕੀਤੇ ਹੋਣ।" ਸੰਤ ਮੱਘਰ ਸਿੰਘ ਜੀ ਕਹਿਣ ਲੱਗੇ, "ਜੀ! ਇਤਿਹਾਸ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਬਾਬਾ ਬੁੱਢਾ ਸਾਹਿਬ ਜੀ ਪਹਿਲੇ ਪਾਤਸ਼ਾਹ ਜੀ ਤੋਂ ਲੈ ਕੇ ਛੇਵੇਂ ਗੁਰੂ ਜੀ ਤੱਕ ਰਹੇ ਹਨ ਅਤੇ ਡਾਕਟਰ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਜਦੋਂ ਕੀਰਤਪੁਰ ਸਾਹਿਬ ਜਾ ਕੇ ਛੇਵੇਂ ਪਾਤਸ਼ਾਹ ਜੀ ਬੁੱਢਣ ਸ਼ਾਹ ਨੂੰ ਮਿਲੇ ਕਿਹਾ, "ਜੋ ਤੁਹਾਡੀ ਇੱਛਾ ਹੈ ਦੱਸੋ।" ਬੁੱਢਣ ਸ਼ਾਹ ਨੇ ਬੇਨਤੀ ਕੀਤੀ, "ਜੀ! ਮੈਂ ਚਾਹੁੰਦਾ ਹਾਂ ਕਿ ਜਿਤਨੇ ਵੀ ਤੁਸੀਂ ਗੁਰੂ ਸਰੂਪ ਧਾਰਨ ਕਰੋ, ਮੈਂ ਸਾਰਿਆਂ ਦੇ ਇਸੇ ਸਰੀਰ ਵਿਚ ਹੀ ਦਰਸ਼ਨ ਕਰਾਂ।" ਤਾਂ ਸਤਿਗੁਰੂ ਜੀ ਨੇ ਕਿਹਾ, "ਠੀਕ ਹੈ। ਇਸੇ ਤਰ੍ਹਾਂ ਹੀ ਹੋਵੇਗਾ।" ਇਉਂ ਬੁੱਢਣ ਸ਼ਾਹ ਨੇ ਪਹਿਲੇ ਪਾਤਸ਼ਾਹ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਜੀ ਤੱਕ ਸਾਰੇ ਸਤਿਗੁਰਾਂ ਦੇ ਦਰਸ਼ਨ ਕੀਤੇ। ਉਸ ਤੋਂ ਬਾਅਦ ਸੰਤ ਸੁੰਦਰ



ਸਿੰਘ ਜੀ ਭਿੰਡਰਾਂ ਵਾਲਿਆਂ ਨੇ ਕਿਹਾ, "ਜੀ! ਦਾਸ ਦਾ ਨਿਸਚਾ ਤਾਂ ਇਹ ਹੈ ਕਿ ਜਦੋਂ ਵੀ ਕੋਈ ਸ਼ਰਧਾ ਭਾਵਨਾ ਵਾਲਾ ਗੁਰਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰੋਂ ਰੁਮਾਲਾ ਚੁੱਕਦਾ ਹੈ। ਉਸ ਵਕਤ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚੋਂ, ਦਸਾਂ ਪਾਤਸ਼ਾਹੀਆਂ ਦੇ ਦਰਸ਼ਨਾਂ ਦਾ ਇਕੱਠਾ ਹੀ ਝਲਕਾਰਾ ਪੈਂਦਾ ਹੈ। ਇਹ ਸੁਣ ਕੇ ਸੰਤ ਬਾਬਾ ਅਤਰ ਸਿੰਘ ਜੀ ਦੇ ਦੋਨੋਂ ਹੱਥ ਜੁੜ ਗਏ ਤੇ ਕਿਹਾ, "ਗਿਆਨੀ ਸਿੰਘ ਜੀ! ਤੁਹਾਡੇ ਇਸ ਵਿਸ਼ਵਾਸ ਦੇ ਅੱਗੇ ਦਾਸ ਦਾ ਵੀ ਸਿਰ ਝੁਕਦਾ ਹੈ। ਇਹ ਬਚਨ ਤੁਹਾਡਾ ਬਿਲਕੁਲ ਠੀਕ ਹੈ। ਭਾਈ ਗੁਰਦਾਸ ਜੀ ਵੀ ਲਿਖਦੇ ਹਨ:

**ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ;**
**ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਈ॥**
**ਜੈਸੇ ਪਰਬਤਿ ਹੀਰਾ ਮਾਨਕ ਪਾਰਸ ਸਿਧ;**
**ਖਨਵਾਰਾ ਖਨਿ ਜਗ ਵਿਖੇ ਪ੍ਰਗਟਾਵਈ॥**
**ਜੈਸੇ ਬਨ ਬਿਖੈ ਮਲਿਆਗਰ ਸੌਧਾ ਕਪੂਰ;**
**ਸੋਧ ਕੈ ਸੁਬਾਸੀ ਸੁਬਾਸ ਬਿਹਸਾਵਈ॥**
**ਤੈਸੇ ਗੁਰਬਾਨੀ ਬਿਖੈ ਸਕਲ ਪਦਾਰਥ ਹੈ;**
**ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ॥੫੪੯॥**

ਅੱਗੇ ਗੁਰਬਾਣੀ ਦੀ ਮਹਾਨਤਾ ਦੱਸਦੇ ਹੋਏ ਲਿਖਦੇ ਹਨ:-

**ਜੈਸੇ ਹੀਰਾ ਹਾਥ ਮੈ ਤਨਕ ਸੋ ਦਿਖਾਈ ਦੇਤ;**
**ਮੋਲ ਕੀਏ ਤੇ ਦਮਕਨ ਭਰਤ ਭੰਡਾਰ ਜੀ॥**
**ਜੈਬੇ ਬਰ ਬਾਧੇ ਹੁੰਡੀ, ਲਾਗਤ ਨ ਭਾਰ ਕਛੂ;**
**ਆਗੈ ਜਾਇ ਪਾਈਅਤ ਲਛਮੀ ਅਪਾਰ ਜੀ॥**
**ਜੈਸੇ ਬਟਿ ਬੀਜ ਅਤਿ ਸੂਖਮ ਸਰੂਪ ਹੋਤ;**
**ਬੋਏ ਸੈ ਬਿਬਿਧਿ ਕਰੈ ਬਿਰਖਾ ਬਿਸਥਾਰ ਜੀ॥**

ਕਰਕੇ ਜੋ ਵਾਹਿਗੁਰੂ ਨਾਮ ਹੈ, ਇਹੀ ਸਭ ਤੋਂ ਸ਼੍ਰੋਮਣੀ ਨਾਮ ਹੈ। ਵਾਹਿਗੁਰੂ ਨਾਮ ਦਾ ਅਰਥ ਹੈ :

**ਚੌਪਈ॥**
**ਨਿਰਗੁਨ ਨਾਮਨ ਤੇ ਵਧਿ ਐਸੇ।**
**ਸੋ ਕਰਿ ਅਰਥ ਬਖਾਨੋਂ ਜੈਸੇ।**
**ਵਾਹਿ ਨਾਮੁ ਅਚਰਜ ਕੋ ਹੋਈ।**
**ਅਚਰਜ ਤੇ ਪਰਿ ਉਕਤਿ ਨ ਕੋਈ॥੬੨॥**
**ਗੋ ਤਮ ਨਾਮ ਅਗਜਾਨ ਅਨਿੱਤ।**
**ਰੋ ਪਰਕਾਸ਼ ਕਿਯੋ ਜਿਨ ਚਿੱਤੁ।**
**ਇਉਂ ਸ਼੍ਰੀ ਨਾਨਕ ਨਾਮ ਬਨਾਯੋ।**
**ਸੁਨਿ ਸ਼੍ਰੁਤਿ ਸੰਤਨ ਚਿਤ ਸੁਖ ਪਾਯੋ॥੬੩॥**

*[ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ ਅਧਯਾਯ-੧, ਜਿਲਦ-੨, ਪੰਨਾ-੯੨]*

ਜਦੋਂ ਅਸਚਰਜ ਕਹਿ ਦੇਈਏ, ਫਿਰ ਅੱਗੇ ਕਥਨ ਮੁੱਕ ਜਾਂਦਾ ਹੈ। ਸ਼ਿਵ ਸੰਘਤਾ ਵਿਚ 'ਗੁ' ਨਾਮ ਅੰਧੇਰੇ ਦਾ ਹੈ। ਅੰਧੇਰਾ ਹੈ ਅਗਿਆਨ ਦਾ। ਸਾਮ ਵੇਦ ਦੀਆਂ ਰਿਚਾਂ ਵਿਚ 'ਰੂ' ਨਾਮ ਹੈ ਪ੍ਰਕਾਸ਼ ਦਾ, ਜੋ ਅਗਿਆਨ ਦੇ ਅੰਧੇਰੇ ਨੂੰ ਮੇਟ ਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਹੈ, ਉਹ ਅਸਚਰਜ ਰੂਪ ਵਾਹਿਗੁਰੂ ਨਾਮ ਹੈ।

ਨਾਮ ਤਾਂ ਭਾਵੇਂ ਸਾਰੇ ਹੀ ਰੱਬ ਦੇ ਹਨ। ਇਸ ਲਈ :-

**ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥੪॥੨॥**

*[ਬਸੰਤੁ ਮਹਲਾ ੧, ਅੰਗ-੧੧੬੮]*

ਜਿਸ ਤਰ੍ਹਾਂ ਬੇੜੀਆਂ ਤਾਂ ਸਾਰੀਆਂ ਹੀ ਦਰਿਆ ਤੋਂ ਪਾਰ ਕਰਨ ਵਾਲੀਆਂ ਹੁੰਦੀਆਂ ਹਨ, ਇਸੇ ਤਰ੍ਹਾਂ ਹੀ ਨਾਮ ਤਾਂ ਸਾਰੇ ਹੀ ਤਾਰਨ ਵਾਲੇ ਹਨ, ਪਰ ਏਨੀ ਵਿਚਾਰ ਜ਼ਰੂਰ ਹੈ ਕਿ ਜਿਸ ਬੇੜੀ 'ਤੇ ਕੋਈ



ਚੜ੍ਹਿਆ ਹੋਇਆ ਹੈ, ਉਸ ਨੂੰ ਤਾਂ ਉਸੇ ਦਾ ਹੀ ਆਸਰਾ ਹੁੰਦਾ ਹੈ, ਉਸੇ ਨੇ ਹੀ ਉਸ ਨੂੰ ਪਾਰ ਕਰਨਾ ਹੁੰਦਾ ਹੈ। ਇਸ ਤਰ੍ਹਾਂ ਹੀ ਨਾਮ ਤਾਂ ਭਾਵੇਂ ਸਾਰੇ ਰੱਬ ਦੇ ਹੀ ਹਨ, ਪਰ ਸਤਿਗੁਰਾਂ ਨੇ ਜੋ ਆਪਾਂ ਨੂੰ 'ਵਾਹਿਗੁਰੂ' ਨਾਮ ਦਿੱਤਾ ਹੈ, ਆਪਾਂ ਨੂੰ ਤਾਂ ਏਸੇ ਦਾ ਹੀ ਆਸਰਾ ਹੈ ਤੇ ਏਸੇ ਨੇ ਹੀ ਆਪਾਂ ਨੂੰ ਸੰਸਾਰ ਤੋਂ ਤਾਰਨਾ ਹੈ, ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਵਾਹਿਗੁਰੂ ਨਾਮ ਪ੍ਰਾਪਤ ਕਰ ਕੇ ਇਸੇ ਦਾ ਹੀ ਆਪਾਂ ਨੂੰ ਜਾਪ ਕਰਨਾ ਚਾਹੀਦਾ ਹੈ।

ਜੋ 'ਸੋਹੰ' ਨਾਮ ਦਾ ਜਾਪ ਕਰਨਾ ਹੈ, ਇਸ ਨਾਲ ਸ਼ੁੱਧ ਹੰਗਤਾ ਪੈਦਾ ਹੁੰਦੀ ਹੈ। ਜਿਹੜੀ ਸ਼ੁੱਧ ਹੰਗਤਾ ਹੈ, ਇਹ ਸੋਨੇ ਦੀ ਬੇੜੀ ਦੀ ਤਰ੍ਹਾਂ ਹੈ। ਜੋ ਅਹੰ ਬ੍ਰਹਮ ਦਾ ਜਾਪ ਕਰਨਾ ਹੈ, ਇਸ ਨਾਲ ਆਦਮੀ ਦੇ ਅੰਦਰ ਮਲਨ ਹੰਗਤਾ ਪੈਦਾ ਹੁੰਦੀ ਹੈ। ਇਹ ਲੋਹੇ ਦੀ ਬੇੜੀ ਦੀ ਤਰ੍ਹਾਂ ਹੈ। ਬੇੜੀ ਤਾਂ ਬੇੜੀ ਹੀ ਹੈ, ਚਾਹੇ ਸੋਨੇ ਦੀ ਹੋਵੇ, ਚਾਹੇ ਲੋਹੇ ਦੀ। ਬੰਨ੍ਹਣ ਨੂੰ ਤਾਂ ਦੋਨੋਂ ਇੱਕੋ ਜਿਹੀਆਂ ਹੀ ਹਨ। ਜੋ ਵਾਹਿਗੁਰੂ ਨਾਮ ਦਾ ਜਾਪ ਕਰਨਾ ਹੈ, ਇਹ ਹੰਗਤਾ ਨੂੰ ਮੇਟਣ ਵਾਲਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ :-

**ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ।**

*[ਭਾਈ ਗੁਰਦਾਸ ਜੀ, ਵਾਰ-੧੩, ਪਉੜੀ-੨]*

ਜਿਨ੍ਹਾਂ ਚਿਰ ਆਦਮੀ ਦੇ ਅੰਦਰ ਹਉਮੈ ਹੈ :-

**ਹਮ ਬਡ ਕਬਿ ਕੁਲੀਨ ਹਮ ਪੰਡਿਤ;**
**ਹਮ ਜੋਗੀ ਸੰਨਿਆਸੀ॥**

*[ਰਾਮਕਲੀ ਬਾਣੀ ਰਵਿਦਾਸ ਜੀ, ਅੰਗ-੯੭੪]*

ਅਸੀਂ ਉਤਨਾ ਚਿਰ ਜੂਨਾਂ ਵਿੱਚ ਆਉਣ ਜਾਣ ਤੋਂ ਰਹਿਤ ਨਹੀਂ ਹੋ ਸਕਦੇ ਅਤੇ ਨਾ ਹੀ ਪਰਮੇਸ਼ਰ ਨੂੰ ਮਿਲ ਸਕਦੇ ਹਾਂ, ਪਰਮੇਸ਼ਰ ਨਾਲ ਨਾ ਮਿਲਣ ਦਾ ਵੱਡਾ ਕਾਰਨ ਹਉਮੈ ਹੀ ਹੈ।

**ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ;**
**ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥**

*[ਗੂਜਰੀ ਮਹਲਾ ੪, ਅੰਗ-੪੯੨]*

ਗੁਰਮਤਿ ਦੁਆਰਾ ਅੰਮ੍ਰਿਤ ਛਕ ਕੇ ਜੋ ਪੰਜਾਂ ਪਿਆਰਿਆਂ ਤੋਂ ਨਾਮ ਪ੍ਰਾਪਤ ਕਰਨਾ ਹੈ, ਏਹੀ ਸਾਡੇ ਪ੍ਰਾਣਾਂ ਦਾ ਸਹਾਈ ਹੋ ਸਕਦਾ ਹੈ। ਜਿਸ ਤਰ੍ਹਾਂ ਗੋਲੀ ਤਾਂ ਉਹੀ ਹੁੰਦੀ ਹੈ, ਜੇ ਆਪਾਂ ਹੱਥ ਨਾਲ ਵਗਾਹ ਕੇ ਕਿਸੇ ਦੇ ਮਾਰੀਏ ਤਾਂ ਉਹ ਬਹੁਤੀ ਸੱਟ ਨਹੀਂ ਮਾਰ ਸਕਦੀ। ਜੇ ਉਹੀ ਗੋਲੀ ਬੰਦੂਕ ਦੁਆਰਾ ਚਲਾ ਕੇ ਮਾਰੀਏ ਤਾਂ ਉਹ ਕਈਆਂ ਦੇ ਪਾਸੇ ਭੰਨ ਦੇਵੇਗੀ। ਇਸੇ ਤਰ੍ਹਾਂ ਹੀ ਜੋ ਗੁਰਾਂ ਪਾਸੋਂ ਨਾਮ ਪ੍ਰਾਪਤ ਕਰ ਕੇ ਜਪਣਾ ਹੈ, ਇਹ ਤਾਂ ਬੰਦੂਕ ਨਾਲ ਚਲਾਈ ਹੋਈ ਗੋਲੀ ਵਰਗਾ ਹੈ। ਇਸ ਨੇ ਸਾਡੇ ਅਗਿਆਨ ਨੂੰ ਮੇਟ ਕੇ ਸਾਡੇ ਅੰਦਰ ਗਿਆਨ ਦਾ ਪ੍ਰਕਾਸ਼ ਕਰਨਾ ਹੈ। ਯਥਾ :-

**ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥**

*[ਜੈਤਸਰੀ ਮਹਲਾ ੫, ਅੰਗ-੭੦੦]*

ਜੋ ਆਪਣੇ ਆਪ ਹੀ ਨਾਮ ਜਪਣਾ ਹੈ, ਇਹ ਤਾਂ ਹੱਥ ਨਾਲ ਵਗਾਹ ਕੇ ਮਾਰੀ ਹੋਈ ਗੋਲੀ ਵਰਗਾ ਹੈ। ਇਹ ਕਿਸੇ ਦੇ ਭਰਮ ਦੇ ਅੰਧੇਰੇ ਨੂੰ ਨਹੀਂ ਮੇਟ ਸਕਦਾ। ਤਾਂ ਹੀ ਗੁਰਬਾਣੀ ਵਿਚ ਕਿਹਾ ਹੈ :-

**ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥**

*[ਸਿਰੀਰਾਗੁ ਮਹਲਾ ੩, ਅੰਗ-੩੯]*

ਜਾਂ ਹੋਰ ਸਮਝੋ ਜਿਸ ਤਰ੍ਹਾਂ ਸਮੁੰਦਰ ਦਾ ਪਾਣੀ ਜੇ ਆਪਾਂ ਆਪ ਹੀ ਪੀ ਲਈਏ ਤਾਂ ਉਹ ਖਾਰਾ ਹੁੰਦਾ ਹੈ। ਉਹ ਸਰੀਰ ਵਿੱਚ ਰੋਗ ਵੀ ਪੈਦਾ ਕਰ ਸਕਦਾ ਹੈ। ਜੇ ਉਹੀ ਸਮੁੰਦਰ ਦਾ ਪਾਣੀ ਵਰਖਾ ਦੁਆਰਾ ਵਰਸੇ ਤਾਂ ਲੋਕ ਕਹਿੰਦੇ ਹਨ ਕਿ ਅੰਮ੍ਰਿਤ ਵਰਸ ਰਿਹਾ ਹੈ। ਉਸ ਵਿੱਚ ਖਾਰਾ ਪਨ ਵੀ ਨਹੀਂ ਹੁੰਦਾ। ਇਸ ਤਰ੍ਹਾਂ ਹੀ ਜੋ ਆਪ ਹੀ ਨਾਮ ਜਪਣਾ



ਹੈ, ਇਸ ਵਿੱਚ ਇਹੀ ਖਾਰਾ ਪਨ ਹੈ, ਜੋ ਜਾਪਕ ਨੂੰ ਉਸ ਦਾ ਕੋਈ ਫਲ ਨਹੀਂ ਮਿਲਦਾ। ਮਿਹਨਤ ਵੀ ਕੀਤੀ, ਮਿਲਿਆ ਵੀ ਕੁਝ ਨਾ।

ਜੋ ਸਤਿਗੁਰਾਂ ਪਾਸੋਂ ਨਾਮ ਪ੍ਰਾਪਤ ਕਰ ਕੇ ਜਪਣਾ ਹੈ, ਇਹ ਸਮੁੰਦਰ ਦੇ ਪਾਣੀ ਦਾ ਮੌਨਸੂਨ ਦੁਆਰਾ ਵਰਸਣ ਵਾਲਾ ਅੰਮ੍ਰਿਤ ਹੈ। ਜੋ ਫਲ ਮਿਲਦਾ ਹੈ, ਇਹੀ ਇਸ ਵਿੱਚ ਮਿਠਾਸ ਹੈ।

ਵਰਖਾ ਦੇ ਪਾਣੀ ਵਿਚ ਜਿੱਥੇ ਹੋਰ ਵੀ ਬਹੁਤ ਸਾਰੇ ਗੁਣ ਹਨ, ਉਥੇ ਵਰਖਾ ਦੇ ਪਾਣੀ ਵਿਚ ਸ੍ਵਾਂਤੀ ਬੂੰਦ ਵੀ ਹੁੰਦੀ ਹੈ, ਜੇ ਉਹ ਸਿੱਪੀ ਵਿਚ ਪੈ ਜਾਵੇ ਤਾਂ ਉਸ ਵਿਚ ਮੋਤੀ ਪੈਦਾ ਕਰ ਦਿੰਦੀ ਹੈ। ਜੇ ਉਹੀ ਸ੍ਵਾਂਤੀ ਬੂੰਦ ਟਾਹਲੀ ਜਾਂ ਬੇਰੀ 'ਤੇ ਪੈ ਜਾਵੇ ਤਾਂ ਉਹ ਚੰਦਨ ਬਣ ਜਾਂਦੀਆਂ ਹਨ। ਜੇ ਸ੍ਵਾਂਤੀ ਬੂੰਦ ਕੇਲੇ 'ਤੇ ਪੈ ਜਾਵੇ ਤਾਂ ਉਸ ਵਿਚ ਮੁਸ਼ਕਪੂਰ ਪੈਦਾ ਹੋ ਜਾਂਦਾ ਹੈ। ਜੇ ਕਿਸੇ ਬੰਦੇ 'ਤੇ ਪੈ ਜਾਵੇ ਤਾਂ ਉਹ ਵਿਦਵਾਨ ਜਾਂ ਰਾਜਾ ਵੀ ਹੋ ਸਕਦਾ ਹੈ। ਇਸੇ ਤਰ੍ਹਾਂ ਹੀ ਸਤਿਗੁਰਾਂ ਨੇ ਜਿਨ੍ਹਾਂ 'ਤੇ ਨਾਮ ਉਪਦੇਸ਼ ਦੀ ਵਰਖਾ ਕਰ ਦਿੱਤੀ ਹੈ, ਉਨ੍ਹਾਂ ਦੀ ਬੁੱਧੀ ਰੂਪ ਸਿੱਪੀ ਵਿਚ ਵੈਰਾਗ ਦਾ ਮੋਤੀ ਪੈਦਾ ਹੋ ਜਾਂਦਾ ਹੈ। ਅੱਗੇ ਫਿਰ ਚੰਦਨ ਤੇ ਮੁਸ਼ਕਪੂਰ ਦੀ ਤਰ੍ਹਾਂ ਬਿਬੇਕ, ਖਟ ਸੰਪਤੀ ਤੇ ਮੋਖ ਇੱਛਾ ਆਦਿ ਹੋਰ ਵੀ ਗੁਣ ਪੈਦਾ ਹੋ ਜਾਂਦੇ ਹਨ ਤੇ ਅਖ਼ੀਰ :-

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥**
**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥**

*[ਰਾਮਕਲੀ ਕਬੀਰ ਜੀਉ, ਅੰਗ-੯੬੯]*

ਅਨੁਸਾਰ ਅਭੇਦਤਾ ਰੂਪ ਰਾਜ-ਭਾਗ ਪ੍ਰਾਪਤ ਕਰਦੇ ਹਨ। ਸਤਿਗੁਰਾਂ ਦੁਆਰਾ ਨਾਮ ਪ੍ਰਾਪਤ ਕਰਨ ਵਿੱਚ ਇਕ ਇਹ ਵੀ ਵਿਸ਼ੇਸ਼ਤਾ ਹੈ। ਜਿਸ ਤਰ੍ਹਾਂ ਇਕ ਜ਼ਿਮੀਂਦਾਰ ਕਿਸੇ ਸੰਤਾਂ ਪਾਸ ਜਾ ਕੇ ਕਹਿਣ ਲੱਗਾ, "ਜੀ! ਮੈਨੂੰ ਨਾਮ ਦੇਵੋ।" ਸੰਤਾਂ ਕਿਹਾ, "ਤੂੰ ਅਜੇ ਸੇਵਾ ਕਰ, ਜਦੋਂ ਅਸੀਂ ਯੋਗ ਸਮਝਾਂਗੇ, ਫਿਰ ਤੈਨੂੰ ਨਾਮ ਦੇਵਾਂਗੇ।" ਇਸ ਨੇ ਸਾਲ ਭਰ

ਸਾਡੇ ਤੇ ਪਰਮੇਸ਼ਰ ਦੇ ਦਰਮਿਆਨ :-

**ਧਨ ਪਿਰ ਕਾ ਇਕ ਹੀ ਸੰਗਿ ਵਾਸਾ;**
**ਵਿਚਿ ਹਉਮੈ ਭੀਤਿ ਕਰਾਰੀ ॥**

*[ਮਲਾਰ ਮਹਲਾ ੪, ਅੰਗ-੧੨੬੩]*

ਹਉਮੈ ਦੀ ਕੰਧ ਨਿਕਲੀ ਹੋਈ ਹੈ। ਇਸ ਕਰਕੇ ਅਸੀਂ ਪਰਮੇਸ਼ਰ ਨਾਲ ਮਿਲ ਨਹੀਂ ਸਕਦੇ :-

**ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥**

*[ਰਾਮਕਲੀ ਮਹਲਾ ੧, ਅੰਗ-੯੪੩]*

ਉਰਦੂ ਦੀ ਪੰਗਤੀ ਦੇ ਐਨ ਤੇ ਗੈਨ ਦੋ ਅੱਖਰ ਹਨ। ਜੇ ਤਾਂ ਨੁਕਤਾ ਲਾ ਦੇਈਏ ਤਾਂ ਗੈਨ ਬਣ ਜਾਂਦੀ ਹੈ, ਜੇ ਨੁਕਤਾ ਲਾਹ ਦੇਈਏ ਤਾਂ ਐਨ ਬਣ ਜਾਂਦੀ ਹੈ। ਇਸ ਤਰ੍ਹਾਂ ਹੀ ਜਿਤਨਾ ਚਿਰ ਸਾਨੂੰ ਹੰਗਤਾ ਦਾ ਨੁਕਤਾ ਲੱਗਿਆ ਹੈ, ਉਤਨਾ ਚਿਰ ਅਸੀਂ ਜੀਵ ਭਾਵ ਵਿੱਚ ਹਾਂ। ਜਦੋਂ ਹੰਗਤਾ ਦਾ ਨੁਕਤਾ ਲਹਿ ਗਿਆ, ਫਿਰ :-

੧. **ਕਹੁ ਕਬੀਰ ਇਹੁ ਰਾਮ ਕੀ ਅੰਸੁ ॥**

*[ਗੋਂਡ ਕਬੀਰ ਜੀਉ, ਅੰਗ-੮੭੧]*

੨. **ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥**

*[ਗਉੜੀ ਸੁਖਮਨੀ ਮਃ ੫, ਅੰਗ-੨੭੩]*

੩. **ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥**
**ਕਨਕ ਕਟਿਕ ਜਲ ਤਰੰਗ ਜੈਸਾ ॥੧॥**

*[ਸ੍ਰੀਰਾਗੁ ਬੇਣੀ ਜੀ, ਅੰਗ-੯੩]*

ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਸਮੁੰਦਰ ਦੇ ਪਾਣੀ 'ਤੇ ਤੁਰੇ ਜਾ ਰਹੇ ਸੀ। ਗੁਰੂ ਜੀ ਨੇ ਭਾਈ ਬਾਲੇ ਤੇ ਮਰਦਾਨੇ ਨੂੰ ਕਿਹਾ, "ਵਾਹਿਗੁਰੂ ਵਾਹਿਗੁਰੂ ਕਹਿੰਦੇ ਸਾਡੇ ਪਿੱਛੇ ਤੁਰੇ ਆਉ।" ਅੱਗੇ ਜਾ ਕੇ ਗੁਰੂ ਜੀ ਨੇ ਦੋ ਕੁ ਵਾਰ 'ਸੋਹੰ' ਕਿਹਾ। ਮਰਦਾਨੇ ਨੇ ਮਨ ਵਿਚ ਸੋਚਿਆ ਕਿ



ਵਾਹਿਗੁਰੂ ਨਾਮ ਨਾਲੋਂ 'ਸੋਹੰ' ਵੱਡਾ ਹੋਣਾ ਹੈ, ਤਾਂ ਹੀ ਗੁਰੂ ਜੀ ਨੇ ਕਿਹਾ ਹੈ। ਇਸ ਕਰਕੇ ਮੈਨੂੰ ਵੀ 'ਸੋਹੰ' ਹੀ ਕਹਿਣਾ ਚਾਹੀਦਾ ਹੈ। ਜਦੋਂ ਮਰਦਾਨੇ ਨੇ 'ਸੋਹੰ' ਕਿਹਾ, ਉਦੋਂ ਹੀ ਪਾਣੀ ਵਿਚ ਗੋਤੇ ਖਾਣ ਲੱਗ ਪਿਆ। ਗੁਰੂ ਜੀ ਨੇ ਕਿਹਾ ਮਰਦਾਨਿਆ :-

**ਗੁਰਿ ਕਹਿਆ ਸਾ ਕਾਰ ਕਮਾਵਹੁ ॥**
**ਗੁਰ ਕੀ ਕਰਣੀ ਕਾਹੇ ਧਾਵਹੁ ॥**

*[ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਅੰਗ-੯੩੩]*

ਜਦੋਂ ਮਰਦਾਨੇ ਨੇ ਫਿਰ ਵਾਹਿਗੁਰੂ ਕਿਹਾ ਤਾਂ ਧਰਤੀ ਦੀ ਤਰ੍ਹਾਂ ਪਾਣੀ 'ਤੇ ਤੁਰਨ ਲੱਗ ਪਿਆ। ਇਸ ਕਰਕੇ ਜੋ ਵਾਹਿਗੁਰੂ ਨਾਮ ਸਾਨੂੰ ਸਤਿਗੁਰਾਂ ਨੇ ਦਿੱਤਾ ਹੈ, ਸਾਨੂੰ ਤਾਂ ਉਸੇ ਦਾ ਹੀ ਜਾਪ ਕਰਨਾ ਚਾਹੀਦਾ ਹੈ। ਨਾਲ ਇਹ ਵੀ ਗੱਲ ਹੈ, ਜਿਵੇਂ ਇਕ ਬੰਦੇ ਦਾ ਨਾਮ ਤਾਂ ਰੁਲਦੂ ਹੈ ਤੇ ਦੂਜੇ ਦਾ ਨਾਮ ਅਜਮੇਰ ਸਿੰਘ ਹੈ। ਜਦੋਂ ਆਪਾਂ ਨਾਮ ਲਵਾਂਗੇ, ਉਦੋਂ ਆਦਮੀ ਸਮਝਦਾ ਹੈ ਕਿ ਰੁਲਦੂ ਕੋਈ ਆਮ ਸਧਾਰਨ ਜਿਹਾ ਬੰਦਾ ਹੋਵੇਗਾ ਅਤੇ ਅਜਮੇਰ ਸਿੰਘ ਨਾਮ ਸੁਣ ਕੇ ਆਪਾਂ ਸਮਝਦੇ ਹਾਂ ਕਿ ਕੋਈ ਤਕੜਾ ਸਰਦਾਰ ਹੋਵੇਗਾ। ਇਸੇ ਤਰ੍ਹਾਂ ਹੀ ਨਾਮ ਤਾਂ ਭਾਵੇਂ ਸਾਰੇ ਰੱਬ ਦੇ ਹੀ ਹਨ, ਪਰ ਜਿਵੇਂ ਰੁਲਦੂ ਅਤੇ ਅਜਮੇਰ ਸਿੰਘ ਵਿੱਚ ਫ਼ਰਕ ਹੈ, ਇਵੇਂ ਹੀ ਨਾਮਾਂ ਵਿਚ ਵੀ ਫ਼ਰਕ ਹੈ। ਜਿਸ ਤਰ੍ਹਾਂ:-

੧. **ਵਾਹਿਗੁਰੂ ਗੁਰ ਮੰਤ੍ਰ ਹੈ ਜਪਿ ਹਉਮੈ ਖੋਈ।**

*[ਭਾਈ ਗੁਰਦਾਸ ਜੀ, ਵਾਰ-੧੩, ਪਉੜੀ-੨]*

੨. **ਵੇਦ ਕਤੇਬ ਅਗੋਚਰਾ;**
**ਵਾਹਿਗੁਰੂ ਗੁਰ ਸਬਦੁ ਸੁਣਾਇਆ।**

*[ਭਾਈ ਗੁਰਦਾਸ ਜੀ, ਵਾਰ-੧੨, ਪਉੜੀ ੧੭]*

'ਵਾਹਿਗੁਰੂ' ਮੰਤ੍ਰ ਤਾਂ ਹਉਮੈ ਨੂੰ ਮੇਟਣ ਵਾਲਾ ਹੈ। 'ਸੋਹੰ' ਤੇ 'ਅਹੰ ਬ੍ਰਹਮ ਅਸਮੀ' ਹਉਮੈ ਨੂੰ ਪੈਦਾ ਕਰਨ ਵਾਲੇ ਹਨ, ਫਿਰ ਆਪੇ ਹੀ ਫ਼ਰਕ ਹੋ ਗਿਆ। ਗੁਰਬਾਣੀ ਵਿਚ ਵੀ ਗੁਰੂ ਜੀ ਨੇ ਕਿਹਾ ਹੈ :-

**ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥**
**ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥੧੯੪॥**

*[ਸਲੋਕ ਕਬੀਰ ਜੀ, ਅੰਗ-੧੩੭੪]*

ਸੱਜਣ ਭਾਵੇਂ ਠੱਗ ਸੀ, ਪਰ ਜਦੋਂ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਕਿਹਾ, "ਨਾਮ ਸੱਜਣ ਤੇ ਕੰਮ ਦੁਸ਼ਮਣਾਂ ਵਾਲੇ ਕਰਨੇ, ਇਹ ਤੈਨੂੰ ਸੋਭਦੇ ਨਹੀਂ।" ਬੱਸ ਇਤਨੀ ਕਹਿ ਕੇ ਉਸ ਨੂੰ ਨਾਮ ਦੀ ਦਾਤ ਦੇ ਕੇ ਠੱਗ ਤੋਂ ਅਸਲੀ ਸੰਤ ਬਣਾ ਦਿੱਤਾ।

ਸਤਿਗੁਰਾਂ ਪਾਸੋਂ ਨਾਮ ਪ੍ਰਾਪਤ ਕਰਨ ਵਿਚ ਇਹ ਵੀ ਵਿਸ਼ੇਸ਼ਤਾ ਹੈ ਕਿ ਗੁਰੂ ਜੀ ਅਧਿਕਾਰੀ ਦੇਖ ਕੇ ਨਾਮ ਦੀ ਬਖ਼ਸ਼ਸ਼ ਕਰਦੇ ਹਨ। ਜਿਸ ਤਰ੍ਹਾਂ ਜਿਹੜਾ ਅਸਲੀ ਡਾਕਟਰ ਹੁੰਦਾ ਹੈ, ਉਹ ਰੋਗ ਦੇਖ ਕੇ ਹੀ ਦੁਆਈ ਦਿੰਦਾ ਹੈ। ਜੇ ਰੋਗ ਹੋਰ ਹੋਵੇ ਤੇ ਦੁਆਈ ਹੋਰ ਦੇਵੇ ਤਾਂ ਫਿਰ ਰੋਗ ਕਿਵੇਂ ਹਟੇਗਾ ? ਇਸੇ ਤਰ੍ਹਾਂ ਹੀ:-

**ਮੇਰਾ ਬੈਦੁ ਗੁਰੂ ਗੋਵਿੰਦਾ ॥**

*[ਸੋਰਠਿ ਮਹਲਾ ੫, ਅੰਗ-੬੧੮]*

ਹੋਣ ਕਰਕੇ ਸਤਿਗੁਰੂ ਜੀ ਵੀ ਪਹਿਲਾਂ ਵੇਖਦੇ ਹਨ ਕਿ ਇਹ ਕਰਮ ਕਰਨ ਦਾ ਅਧਿਕਾਰੀ ਹੈ ਕਿ ਉਪਾਸ਼ਨਾ ਕਰਨ ਦਾ ਅਧਿਕਾਰੀ ਹੈ, ਕਿ ਗਿਆਨ ਦਾ ਅਧਿਕਾਰੀ ਹੈ। ਉਸ ਨੂੰ ਉਸ ਅਨੁਸਾਰ ਹੀ ਨਾਮ ਦਾ ਉਪਦੇਸ਼ ਦੇ ਕੇ ਉਸ ਦਾ ਜੰਮਣ ਮਰਨ ਦਾ ਦੁੱਖ ਮੇਟ ਦਿੰਦੇ ਹਨ।

**ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥**

*[ਰਾਮਕਲੀ ਮਹਲਾ ੩, ਅੰਗ-੯੧੯]*

**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥**

*[ਆਸਾ ਦੀ ਵਾਰ, ਮਹਲਾ ੨, ਅੰਗ-੪੬੬]*

ਤ੍ਰਿਸ਼ਨਾ ਨੂੰ ਤਾਂ ਸੰਤੋਖ ਦੀ ਪੁੜੀ ਦੇ ਕੇ ਨਵਿਰਤ ਕਰ ਦਿੰਦੇ ਹਨ। ਹਉਮੈ ਦੇ ਰੋਗ ਨੂੰ ਨਿੰਮ੍ਰਤਾ ਧਾਰਨ ਕਰਨ ਦੀ ਗੋਲੀ ਦੇ ਕੇ ਠੀਕ ਕਰ ਦਿੰਦੇ ਹਨ। ਯਥਾ :-



**ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥**
**ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥੭॥**

*[ਸਲੋਕ ਕਬੀਰ ਜੀ, ਅੰਗ-੧੩੬੪]*

ਜੋ ਬਿਨਾਂ ਅਧਿਕਾਰ ਤੋਂ ਕਿਸੇ ਨੂੰ ਨਾਮ ਦੇਣਾ ਹੈ, ਉਹ ਤਾਂ ਖੱਬਲ ਵਾਲੀ ਪੈਲੀ ਜਾਂ ਕੱਲਰੀ ਪੈਲੀ ਵਿਚ ਬੀਜ ਬੀਜਣ ਦੀ ਤਰ੍ਹਾਂ ਹੈ, ਉਸ ਦਾ ਲਾਭ ਨਹੀਂ ਹੋ ਸਕਦਾ। ਜੇ ਨਰਸਰੀ ਵਾਲੇ ਬੱਚੇ ਨੂੰ ਦਸਵੀਂ ਦੇ ਪੇਪਰਾਂ ਵਿਚ ਬਿਠਾ ਦੇਈਏ, ਕੀ ਉਹ ਪਾਸ ਹੋ ਸਕੇਗਾ ? ਇਸੇ ਪ੍ਰਕਾਰ ਸਤਿਗੁਰੂ ਜੀ ਅਧਿਕਾਰੀ ਦੇਖ ਕੇ ਨਾਮ ਦਿੰਦੇ ਹਨ।

ਸੋ ਪੰਜਾਂ ਪਿਆਰਿਆਂ ਦੁਆਰਾ ਗੁਰਾਂ ਪਾਸੋਂ ਗੁਰਮਤਿ ਅਨੁਸਾਰ ਨਾਮ ਪ੍ਰਾਪਤ ਕਰਨਾ ਹੈ। ਇਸੇ ਬਾਰੇ ਹੀ ਕਿਹਾ ਹੈ :-

**ਬਿਘਨ ਬਿਨਾਸਨ ਸਭਿ ਦੁਖ ਨਾਸਨ;**
**ਸਤਿਗੁਰਿ ਨਾਮੁ ਦ੍ਰਿੜਾਇਆ ॥**
**ਖੋਏ ਪਾਪ ਭਏ ਸਭਿ ਪਾਵਨ;**
**ਜਨ ਨਾਨਕ ਸੁਖਿ ਘਰਿ ਆਇਆ ॥**

*[ਸੋਰਠਿ ਮਹਲਾ ੫, ਅੰਗ-੬੨੨]*

ਇਹੀ ਨਾਮ ਸਾਡਾ ਪ੍ਰਲੋਕ ਦੇ ਰਸਤੇ ਵਿਚ ਤੋਸਾ ਹੁੰਦਾ ਹੈ। ਇਹੀ ਨਾਮ ਪ੍ਰਲੋਕ ਦੇ ਰਸਤੇ ਵਿਚ ਸਾਡੇ ਅੱਗੇ ਚਾਨਣ ਕਰਨ ਵਾਲਾ ਬਣਨਾ ਹੈ। ਇਹੀ ਨਾਮ ਸਾਡੇ ਪ੍ਰਲੋਕ ਦੇ ਰਸਤੇ ਵਿਚ ਜਾਣ ਪਹਿਚਾਣ ਵਾਲਾ ਹੋਣਾ ਹੈ। ਯਥਾ :

**ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥**
**ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥**
**ਜਿਹ ਪੈਡੈ ਮਹਾ ਅੰਧ ਗੁਬਾਰਾ ॥**
**ਹਰਿ ਕਾ ਨਾਮੁ ਸੰਗਿ ਉਜੀਆਰਾ ॥**
**ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥**

ਚੰਗੀ ਸੇਵਾ ਕੀਤੀ, ਸਾਲ ਬਾਅਦ ਸੰਤਾਂ ਨੇ ਉਸ ਨੂੰ ਕਿਹਾ, "ਇਸ਼ਨਾਨ ਕਰ ਕੇ ਮਹਾਰਾਜ ਦੀ ਹਜ਼ੂਰੀ ਵਿਚ ਆ ਜਾ।" ਸੰਤਾਂ ਨੇ ਉਸ ਤੋਂ ਪੰਜ ਵਾਰ 'ਵਾਹਿਗੁਰੂ ਵਾਹਿਗੁਰੂ' ਕਹਾਇਆ ਤੇ ਕਿਹਾ, "ਇਸ ਦਾ ਜਾਪ ਕਰੀ ਜਾਇਆ ਕਰ।" ਜ਼ਿਮੀਂਦਾਰ ਹੈਰਾਨੀ ਨਾਲ ਕਹਿਣ ਲੱਗਾ, "ਜੀ! ਤੁਸੀਂ ਮੈਥੋਂ ਸਾਲ ਭਰ ਸੇਵਾ ਕਰਵਾ ਕੇ ਦੱਸੋ ਨਵੀਂ ਗੱਲ ਕਿਹੜੀ ਦੱਸੀ ਹੈ? ਇਹ ਨਾਮ ਤਾਂ ਮੈਂ ਪਹਿਲਾਂ ਹੀ ਜਾਣਦਾ ਸੀ। ਜਦੋਂ ਮੈਂ ਛੋਟਾ ਹੁੰਦਾ ਸੀ, ਉਦੋਂ ਮੇਰੀ ਮਾਤਾ ਮੈਨੂੰ ਕਹਿੰਦੀ ਹੁੰਦੀ ਸੀ ਕਿ ਪੁੱਤਰ! ਵਾਹਿਗੁਰੂ ਕਹਿ, ਮੈਂ ਕਹਿ ਦਿੰਦਾ ਸੀ। ਫਿਰ ਵੱਡਾ ਹੋ ਕੇ ਜਦੋਂ ਖੇਤੀ ਬੀਜਣ ਲੱਗਦਾ ਸੀ, ਉਦੋਂ ਵੀ ਮੈਂ ਨਾਮ ਲੈ ਕੇ ਹੀ ਖੇਤੀ ਬੀਜਣੀ ਸ਼ੁਰੂ ਕਰਦਾ ਸੀ। ਜਦੋਂ ਕਦੇ ਜੇਹਲ ਵਿਚ ਫਸ ਜਾਈਦਾ ਸੀ, ਉਦੋਂ ਵੀ ਨਾਮ ਜਪੀਦਾ ਸੀ ਕਿ ਤੁਸੀਂ ਹੀ ਏਥੋਂ ਕਢੋ। ਓਹੀ ਨਾਮ ਹੁਣ ਤੁਸੀਂ ਮੈਥੋਂ ਕਹਾਇਆ ਹੈ। ਦੱਸੋ! ਇਸ ਵਿਚ ਫ਼ਰਕ ਕੀ ਹੈ?"

ਸੰਤ ਕਹਿਣ ਲੱਗੇ, "ਤੂੰ ਸਾਡੇ ਪਾਸੋਂ ਲਾਲ ਲੈ ਕੇ ਸ਼ਹਿਰ ਵਿਚ ਜਾ ਕੇ ਪਹਿਲਾਂ ਇਸ ਦਾ ਮੁੱਲ ਪੁਆ ਕੇ ਆ, ਫਿਰ ਤੈਨੂੰ ਦੱਸਾਂਗੇ ਕਿ ਸਾਡੇ ਨਾਮ ਦੇਣ ਵਿਚ ਕੀ ਫ਼ਰਕ ਹੈ?" ਜਿਨ੍ਹਾਂ ਮਾਈਆਂ ਪਾਸੋਂ ਹਰ ਰੋਜ਼ ਆਟਾ ਮੰਗ ਕੇ ਲਿਆਉਂਦਾ ਸੀ, ਪਹਿਲਾਂ ਉਹਨਾਂ ਦੇ ਪਾਸ ਹੀ ਗਿਆ ਤੇ ਕਹਿਣ ਲੱਗਾ, "ਮਾਤਾ ਜੀ! ਮੇਰੇ ਪਾਸ ਲਾਲ ਹੈ, ਜੇ ਮੈਂ ਇਹ ਤੁਹਾਨੂੰ ਮੁੱਲ ਵੇਚਾਂ, ਤੁਸੀਂ ਇਸ ਦੀ ਕੀ ਕੀਮਤ ਦਿਓਗੇ?" ਉਹ ਕਹਿਣ ਲੱਗੀਆਂ, "ਅੱਗੇ ਆਟੇ ਦਾ ਇਕ ਬੁੱਕ ਲੈ ਕੇ ਜਾਂਦਾ ਸੀ, ਹੁਣ ਦੋ ਬੁੱਕ ਲੈ ਜਾਈਂ।" ਕਹਿਣ ਲੱਗਾ, "ਸੰਤਾਂ ਨੂੰ ਪੁੱਛ ਆਵਾਂ।" ਅੱਗੇ ਇਕ ਹੋਰ ਆਦਮੀ ਮਿਲਿਆ, ਉਸ ਨੂੰ ਲਾਲ ਵੇਚਣ ਬਾਰੇ ਕਿਹਾ, "ਉਹ ਕਹਿਣ ਲੱਗਾ, "ਮੈਂ ਇਕ ਰੁਪਿਆ ਦੇਵਾਂਗਾ।" ਕਿਹਾ, "ਸੰਤਾਂ ਨੂੰ ਪੁੱਛ ਆਵਾਂ।" ਅੱਗੇ ਇਕ ਸ਼ਾਹੂਕਾਰ ਮਿਲਿਆ। ਉਸ ਨੇ ਸੌ ਰੁਪਏ ਮੁੱਲ ਪਾਇਆ। ਅੱਗੇ ਜੌਹਰੀ ਮਿਲ ਗਿਆ, ਉਸ ਨੇ ਲਾਲ ਦੇਖਣ ਦਾ ਹੀ ਸੌ ਰੁਪਿਆ ਦੇ ਦਿੱਤਾ। ਕਿਹਾ ਜੇ ਮੁੱਲ ਵੇਚਣਾ ਹੈ ਤਾਂ ਮੈਂ ਆਪਣੀ ਸਾਰੀ



ਜ਼ਾਇਦਾਦ ਬਗੀਚਿਆਂ ਦੇ ਸਮੇਤ ਅਤੇ ਸਮਾਨ ਦੀ ਭਰੀ ਹੋਈ ਕੋਠੀ ਦੇਣ ਨੂੰ ਤਿਆਰ ਹਾਂ। ਜੇ ਦੇਣਾ ਹੈ ਤਾਂ ਗੱਲ ਕਰੀਂ। ਉਹ ਕਹਿਣ ਲੱਗਾ, "ਸੰਤਾਂ ਨੂੰ ਪੁੱਛ ਆਵਾਂ।" ਵਾਪਸ ਆਏ ਨੂੰ ਸੰਤਾਂ ਨੇ ਲਾਲ ਦੀ ਕੀਮਤ ਬਾਰੇ ਪੁੱਛਿਆ। ਜਿਵੇਂ ਆਟੇ ਦੇ ਦੋ ਬੁੱਕ, ਇਕ ਰੁਪਿਆ, ਸੌ ਰੁਪਿਆ ਤੇ ਦੇਖਣ ਦਾ ਹੀ ਸੌ ਰੁਪਿਆ ਦਿੱਤਾ ਸੀ। ਇਹ ਸਾਰੀ ਵਾਰਤਾ ਦੱਸੀ। ਸੰਤ ਕਹਿਣ ਲੱਗੇ, "ਲਾਲ ਤਾਂ ਓਹੀ ਸੀ ਨਾ?" ਕਹਿਣ ਲੱਗਾ, "ਜੀ! ਹੋਰ ਮੇਰੇ ਕੋਲ ਕਿੱਥੋਂ ਆਇਆ? ਇਹੀ ਸੀ।" ਸੰਤ ਕਹਿਣ ਲੱਗੇ, "ਲੈ! ਹੁਣ ਫ਼ਰਕ ਸੁਣ ਲੈ। ਜੋ ਤੇਰੀ ਮਾਤਾ ਤੈਨੂੰ ਛੋਟੇ ਹੁੰਦੇ ਨੂੰ ਨਾਮ ਕਹਾਉਂਦੀ ਸੀ, ਉਹ ਆਟੇ ਦੇ ਦੋ ਬੁੱਕ ਵਰਗਾ ਹੀ ਸੀ। ਨਾ ਤਾਂ ਤੈਨੂੰ ਪਤਾ ਸੀ ਕਿ ਨਾਮ ਕੀ ਹੁੰਦਾ ਹੈ ਅਤੇ ਨਾ ਤੇਰੀ ਮਾਤਾ ਨੂੰ ਪਤਾ ਸੀ। ਬੱਸ ਏਨਾ ਹੀ ਪਤਾ ਸੀ ਕਿ ਨਾਮ ਲਈਦਾ ਹੁੰਦਾ ਹੈ।

ਜਦੋਂ ਤੂੰ ਖੇਤੀ ਬੀਜਣ ਲੱਗਾ ਨਾਮ ਕਹਿੰਦਾ ਸੀ, ਉਦੋਂ ਤੇਰੇ ਅੰਦਰ ਰੁਪਏ ਕੁ ਜਿਤਨੀ ਸ਼ਰਧਾ ਹੁੰਦੀ ਸੀ ਕਿ ਖੇਤੀ ਚੰਗੀ ਹੋਵੇ। ਜਦੋਂ ਤੂੰ ਜੇਹਲ ਵਿਚ ਫਸਣ ਵੇਲੇ ਨਾਮ ਕਹਿੰਦਾ ਸੀ, ਉਦੋਂ ਤੇਰੇ ਅੰਦਰ ਸੌ ਕੁ ਰੁਪਏ ਜਿਤਨੀ ਸ਼ਰਧਾ ਹੁੰਦੀ ਸੀ ਕਿ ਇਥੋਂ ਆਪ ਜੀ ਤੋਂ ਬਿਨਾਂ ਹੋਰ ਕੋਈ ਨਹੀਂ ਕੱਢ ਸਕਦਾ। ਜੋ ਹੁਣ ਅਸੀਂ ਤੈਨੂੰ ਨਾਮ ਕਹਾਇਆ ਹੈ, ਇਹ ਜੌਹਰੀ ਦੇ ਦੇਖਣ ਦਾ ਹੀ ਸੌ ਰੁਪਿਆ ਦੇਣ ਵਰਗਾ ਹੈ। ਇਸ ਨੇ ਤੇਰਾ ਜੰਮਣਾ ਤੇ ਮਰਨਾ ਮੇਟਣਾ ਹੈ। ਇਸ ਨੇ ਤੈਨੂੰ ਆਉਣ ਜਾਣ ਦੇ ਚੱਕਰ ਤੋਂ ਰਹਿਤ ਕਰਨਾ ਹੈ। ਇਸ ਨਾਮ ਨੇ ਤੇਰੀ ਪ੍ਰਲੋਕ ਦੇ ਰਸਤੇ ਵਿਚ ਸਹਾਇਤਾ ਕਰਨੀ ਹੈ।

**ਆਪਿ ਕਮਾਉ ਅਵਰਾ ਉਪਦੇਸ॥**

*[ਗਉੜੀ ਗੁਆਰੇਰੀ ਮਹਲਾ ੫, ਅੰਗ-੧੯੫]*

ਦੇਣ ਵਾਲੇ ਸਤਿਗੁਰਾਂ ਪਾਸੋਂ ਨਾਮ ਪ੍ਰਾਪਤ ਕਰਨ ਵਿਚ ਇਹੀ ਫ਼ਰਕ ਹੈ। ਸਤਿਗੁਰਾਂ ਦੇ ਬਚਨਾਂ ਦੇ ਪਿੱਛੇ ਤਪੱਸਿਆ ਦਾ ਬਲ ਹੁੰਦਾ ਹੈ। ਜਿਸ ਤਰ੍ਹਾਂ ਕਬੀਰ ਜੀ ਨੇ ਕਿਹਾ ਹੈ:-

ਹਰਿ ਕਾ ਨਾਮੁ ਤਹ ਨਾਲਿ ਪਛਾਨੁ ॥
ਜਹ ਮਹਾ ਭਇਆਨ ਤਪਤਿ ਬਹੁ ਘਾਮ ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥
ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥
ਤਹ ਨਾਨਕ ਹਰਿ ਹਰਿ ਅੰਮ੍ਰਿਤ ਬਰਖੈ ॥੪॥

*[ਗਉੜੀ ਸੁਖਮਨੀ ਮਃ ੫, ਅੰਗ-੨੬੪]*

ਇਸੇ ਨਾਮ ਜਪਣੇ ਕਰਕੇ :-

੧. ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥

*[ਜੈਤਸਰੀ ਮਹਲਾ ੫, ਅੰਗ-੭੦੦]*

੨. ਸਲੋਕੁ ॥
ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥

*[ਗਉੜੀ ਸੁਖਮਨੀ ਮਃ ੫, ਅੰਗ-੨੯੩]*

ਨਾਮ ਤਾਂ ਸਾਰੇ ਹੀ ਕਹਿੰਦੇ ਹਨ, ਪਰ :-

੧. ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥

*[ਗੂਜਰੀ ਮਹਲਾ ੩, ਅੰਗ-੪੯੧]*

੨. ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥
ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥੧੯੦॥
ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ ॥
ਏਕੁ ਅਨੇਕਹਿ ਮਿਲਿ ਗਇਆ ਏਕ ਸਮਾਨਾ ਏਕ ॥੧੯੧॥

*[ਸਲੋਕ ਕਬੀਰ ਜੀ, ਅੰਗ-੧੩੭੪]*

ਇਉਂ ਗੁਰਮਤਿ ਦੁਆਰਾ ਜਿਨ੍ਹਾਂ ਨੇ ਨਾਮ ਨੂੰ ਧਿਆਇਆ ਹੈ, ਉਹਨਾਂ ਦੇ ਮੁੱਖ ਉਜਲੇ ਹੋਏ ਹਨ :-



ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥

*[ਜਪੁ ਜੀ ਸਾਹਿਬ, ਅੰਗ-੮]*

ਇਸੇ ਕਰਕੇ ਹੀ ਨਾਮ ਨੂੰ ਅਮੋਲਕ ਕਿਹਾ ਹੈ :-

੧. ਡਖਣਾ ॥
ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥
ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥੧॥

*[ਸਿਰੀਰਾਗੁ ਮਹਲਾ ੫, ਅੰਗ-੮੧]*

੨. ਸਲੋਕੁ ॥
ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥

*[ਗਉੜੀ ਸੁਖਮਨੀ ਮਃ ੫, ਅੰਗ-੨੬੫]*

ਇਸ ਲਈ :-

੧. ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ;
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥

*[ਬਿਹਾਗੜਾ ਮਹਲਾ ੪, ਅੰਗ-੫੪੦]*

੨. ਸ੍ਵਾਸ ਸ੍ਵਾਸ ਹਰਿ ਨਾਮ ਜਪ ਬਿਰਥਾ ਸ੍ਵਾਸ ਮਤਿ ਖੋਇ।
ਕਿਆ ਜਾਨੈ ਅਬ ਅੰਤ ਕੋ ਇਹੀ ਸ੍ਵਾਸ ਮਤਿ ਹੋਇ।

*[ਕਵੀ ਭਾਈ ਸੰਤੋਖ ਸਿੰਘ ਜੀ]*

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹ ॥